ਕੁਝ ਸਚੀਆਂ ਵਾਰਤਾਵਾਂ ਦੀ ਲੜੀਵਾਰ ਪੁਸਤਕ ਨੰ:

1

# ....ਜਮਦੂਤ ਛਡਿ ਜਾਹਿ

ਪ੍ਰਕਾਸ਼ਕ
ਗੁਰਮਤਿ ਪ੍ਰਚਾਰ ਸਭਾ,
ਪਟਿਆਲਾ

1

# ...ਜਮਦੂਤ ਛਡਿ ਜਾਹਿ

ਪ੍ਰਕਾਸ਼ਕ
ਗੁਰਮਤਿ ਪ੍ਰਚਾਰ ਸਭਾ
ਪਟਿਆਲਾ

ਮਾਰਫ਼ਤ ਸ: ਦੀਦਾਰ ਸਿੰਘ, C-129, ਵਿਕਾਸ ਕਾਲੋਨੀ, ਪਟਿਆਲਾ-147 003

ਭੇਟਾ - 2.00/- ਰੁ:

ਪਹਿਲੀ ਵਾਰ - 8000
ਅਕਤੂਬਰ - 1997

ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਨ ਲਈ ਜਾਂ ਸੁਗਾਤ ਵਜੋਂ ਭੇਟਾ ਰਹਿਤ ਦਿਓ ।

ਪ੍ਰੇਮ ਭੇਟਾ ਵਲੋਂ :-

# .....ਜਮਦੂਤ ਛਡਿ ਜਾਹਿ

ਗੁਰਬਾਣੀ ਵਿਚ ਕਿਤਨੇ ਹੀ ਐਸੇ ਸ਼ਬਦ ਮਿਲਦੇ ਹਨ ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਮਨੁੱਖ ਨੂੰ ਆਪਣੇ ਚੰਗੇ ਮੰਦੇ ਕੰਮਾਂ ਦਾ ਫਲ ਜ਼ਰੂਰ ਭੁਗਤਣਾ ਪੈਂਦਾ ਹੈ।

'ਮਾੜੇ ਕੰਮਾਂ ਦੇ ਮਾੜੇ ਨਤੀਜੇ' ਅਨੁਸਾਰ ਮੰਦੇ ਕੰਮਾਂ ਦੇ ਕਰਨ ਵਾਲਿਆਂ ਨੂੰ ਜਿੱਥੇ ਜਮਾਂ ਦੇ ਵੱਸ ਪੈਣਾ ਪੈਂਦਾ ਹੈ ਜਾਂ ਜਮਾਂ ਦੀ ਮਾਰ ਤੇ ਦੁੱਖ ਸਹਿਣੇ ਪੈਂਦੇ ਹਨ, ਉਥੇ ਗੁਰੂ ਪ੍ਰਭੂ ਦੇ ਦਰਸਾਏ ਰਾਹ ਉਤੇ ਤੁਰਨ ਵਾਲਿਆਂ, ਨਾਮ ਜਪਣ ਵਾਲਿਆਂ ਦੇ ਨੇੜੇ ਜਮ ਫਟਕ ਹੀ ਨਹੀਂ ਸਕਦੇ।

ਗੁਰਬਾਣੀ ਨਾ ਪੜ੍ਹਨ-ਸੁਣਨ ਵਾਲਿਆਂ ਦੀ ਗੱਲ ਫਿਲਹਾਲ ਛੱਡ ਦਈਏ ਪਰ ਜੋ ਗੁਰਬਾਣੀ ਪੜ੍ਹਦੇ-ਸੁਣਦੇ ਹੋਏ ਗਲਤ ਤੇ ਮਾੜੇ ਕੰਮ ਕਰਨੋ ਨਹੀਂ ਹਟਦੇ ਤਾਂ ਇਸਤੋਂ ਪਤਾ ਚਲਦਾ ਹੈ ਕਿ ਗੁਰਬਾਣੀ ਨੂੰ ਧਿਆਨ ਨਾਲ ਪੜ੍ਹਨ-ਸੁਣਨ ਸਮਝਣ ਤੇ ਵੀਚਾਰਨ ਦੀ ਰੁਚੀ ਦੀ ਬੜੀ ਵੱਡੀ ਘਾਟ ਹੈ। ਇਹੋ ਕਾਰਨ ਹੈ ਕਿ ਗੁਰਬਾਣੀ ਪੜ੍ਹ ਸੁਣ ਕੇ ਵੀ ਵਿਸ਼ਵਾਸ਼ ਨਹੀਂ ਬੱਝਦਾ ਅਤੇ ਉਸ ਅਨੁਸਾਰ ਜੀਵਨ-ਜੀਉਣ ਦੀ ਕੋਸ਼ਿਸ਼ ਨਹੀਂ ਹੁੰਦੀ।

ਇਸੇ ਕਰਕੇ ਗੁਰਬਾਣੀ ਪੜ੍ਹਦੇ-ਸੁਣਦੇ ਹੋਏ ਅਸੀਂ ਬਹੁਤ ਸਾਰੇ ਲੋਕ ਜਿਥੇ ਸਿਮਰਨ-ਭਜਨ ਨਹੀਂ ਕਰਦੇ, ਉਥੇ ਝੂਠ ਚਲਾਕੀ, ਹੇਰਾ-ਫੇਰੀ ਜਾਂ ਕਿਸੇ ਨੂੰ ਦੁਖੀ ਕਰਨ ਦੀ ਪਰਵਾਹ ਨਹੀਂ ਕਰਦੇ। ਕਿਉਂਕਿ ਸਾਨੂੰ ਭੁਲ ਗਿਆ ਹੁੰਦਾ ਹੈ ਕਿ ਨਾਮ ਨ ਜਪਣ ਅਤੇ ਇਹਨਾਂ ਗਲਤ ਕੰਮਾਂ ਦੇ ਕਾਰਨ ਸਾਨੂੰ ਜਮਾਂ ਦੇ ਵੱਸ ਪੈਣਾ ਪਵੇਗਾ ਅਤੇ ਅਵੱਸ਼ ਜਮ-ਦੰਡ ਮਿਲੇਗਾ ? ਇਸੇ ਕਰਕੇ ਗੁਰੂ ਮਹਾਰਾਜ ਸਾਨੂੰ ਕਹਿੰਦੇ ਹਨ :-

੧ *ਸ੍ਰੀ ਰਾਮ ਨਾਮਾ ਉਚਰ ਮਨਾ*
*ਆਗੈ ਜਮ ਦਲੁ ਬਿਖਮੁ ਘਨਾ ॥ (੧੫੫)*

੨ *ਜਿਨੀ ਨਾਮ ਵਿਸਾਰਿਆ,*
*ਬਹੁ ਕਰਮ ਕਮਾਵਹਿ ਹੋਰਿ ॥*
*ਨਾਨਕ ਜਮਪੁਰਿ ਬਧੇ ਮਾਰੀਅਹਿ,*
*ਜਿਉ ਸੰਨੀ ਉਪਰਿ ਚੋਰ ॥ (੧੨੪੭)*

੩ *ਪਾਪ ਕਰੇਦੜ ਸਰਪਰ ਮੁਠੇ*
*ਅਜਰਾਈਲਿ ਫੜੇ ਫੜਿ ਕੁਠੇ ॥*
*ਦੋਜਕਿ ਪਾਏ ਸਿਰਜਨ ਹਾਰੈ ॥*
*ਲੇਖਾ ਮੰਗੈ ਬਾਣੀਆ ॥*
*ਸੰਗਿ ਨ ਕੋਈ ਭਈਆ ਬੇਬਾ ॥*
*ਮਾਲੁ ਜੋਬਨੁ ਧਨੁ, ਛੋਡ ਵੰਞੇਸਾ ॥*

*ਕਰਣ ਕਰੀਮ ਨ ਜਾਤੋ ਕਰਤਾ,*
*ਤਿਲ ਪੀੜੇ ਜਿਉ ਘਾਣੀਆ ॥ (੧੦੧੯)*

ਅਰਥ -ਹੇ ਭਾਈ ! ਇਥੇ (ਇਸ ਸੰਸਾਰ ਵਿਚ) ਪਾਪ ਕਰਨ ਵਾਲੇ ਜੀਵ (ਆਪਣੇ ਆਤਮਕ ਜੀਵਨ ਦਾ ਸਰਮਾਇਆ) ਜ਼ਰੂਰ ਲੁਟਾ ਜਾਂਦੇ ਹਨ। ਪਾਪ ਕਰਨ ਵਾਲਿਆਂ ਨੂੰ ਮੌਤ ਦਾ ਫਰਿਸ਼ਤਾ ਫੜ-ਫੜ ਕੇ ਕੋਹੀ ਜਾਂਦਾ ਹੈ। (ਇਹ ਯਕੀਨ ਜਾਣ ਕਿ ਅਜਿਹਿਆਂ ਨੂੰ) ਸਿਰਜਣਹਾਰ ਨੇ ਦੋਜ਼ਕ (ਨਰਕ) ਵਿਚ ਪਾ ਰਖਿਆ ਹੈ, ਉਨ੍ਹਾਂ ਪਾਸੋਂ ਧਰਮਰਾਜ ਉਹਨਾਂ ਦੇ ਕੀਤੇ ਕੰਮਾਂ ਦਾ ਲੇਖਾ ਮੰਗਦਾ ਹੈ।

ਹੇ ਭਾਈ (ਜਗਤ ਤੋਂ ਕੂਚ ਕਰਨ ਵੇਲੇ) ਨਾਂਹ ਕੋਈ ਭਰਾ, ਨਾਂਹ ਕੋਈ ਭੈਣ, ਕੋਈ ਵੀ ਜੀਵ ਦੇ ਨਾਲ ਨਹੀਂ ਜਾਂਦਾ। ਮਾਲ, ਧਨ, ਜਵਾਨੀ, ਹਰ ਇਕ ਜੀਵ ਜ਼ਰੂਰ ਛੱਡ ਕੇ ਇਥੋਂ ਚਲਾ ਜਾਏਗਾ।

ਜਿਨ੍ਹਾਂ ਮਨੁੱਖਾਂ ਨੇ ਜਗਤ ਦੇ ਰਚਨਹਾਰ, ਬਖਸ਼ਿੰਦ ਪ੍ਰਭੂ ਨਾਲ ਡੂੰਘੀ ਸਾਂਝ ਨਹੀਂ ਪਾਈ, ਉਹ (ਦੁੱਖਾਂ ਵਿਚ) ਇਉਂ ਪੀੜੇ ਜਾਂਦੇ ਹਨ, ਜਿਵੇਂ ਤਿਲਾਂ ਦੀ ਘਾਣੀ।

ਹੋਰ ਦੇਖੋ :

੪ *ਹਉਮੈ ਕਰਮ ਕਮਾਵਣੈ*
*ਜਮ ਡੰਡੁ ਲਗੈ ਤਿਨ ਆਇ ॥ (੬੫)*

੫ ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਏ ।
ਨਾਨਕ ਜਿਉ ਮਥਨਿ ਮਾਧਾਣੀਆ,
ਤਿਉ ਮਥੇ ਧਰਮ ਰਾਇ ॥
੬ ਸਤਿਗੁਰ ਤੇ ਜੋ ਮੁਹ ਫੇਰਹਿ,
ਮਥੇ ਤਿਨ ਕਾਲੇ ॥
ਅਨਦਿਨੁ ਦੁਖ-ਕਮਾਵਦੇ,
ਨਿਤ ਜੋਹੇ ਜਮ ਜਾਲੇ ॥ (੩੦) (ਅਰਥ ਸਪਸ਼ਟ ਹੀ ਹਨ)

ਗੁਰੂ ਦਰਸਾਏ ਰਾਹ ਉਤੇ ਤੁਰਨ ਵਾਲੇ ਗੁਰਮੁਖ ਪਿਆਰੇ ਸਾਡੇ ਸਿੱਖਾਂ ਵਿਚ ਬੜੇ ਹੋਏ ਹਨ, ਜਿਨ੍ਹਾਂ ਦੇ ਸਿਮਰਨ ਭਜਨ ਤੇ ਪਰਉਪਕਾਰੀ ਸੁਭਾਅ ਸਦਕਾ ਕਈਆਂ ਨੂੰ ਇਸ ਪਾਸੇਂ ਦੀ ਲਾਗ ਲੱਗੀ ਤੇ ਉਹ ਵੀ ਗੁਰਮਤਿ ਗਾਡੀ ਰਾਹ ਉਤੇ ਤੁਰ ਕੇ ਆਪਣਾ ਜਨਮ ਸਫ਼ਲਾ ਕਰ ਗਏ ਤੇ ਕਰ ਰਹੇ ਹਨ ।

ਕਰਨੀ-ਕਮਾਈ ਵਾਲੇ ਗੁਰਮੁੱਖ, ਗੁਰਸਿੱਖਾਂ ਵਿਚੋਂ ਸ੍ਰੀ ਮਾਨ ਭਾਈ ਸਾਹਿਬ ਰਣਧੀਰ ਸਿੰਘ ਜੀ ਵੀ ਇਕ ਐਸੇ ਵਿਅਕਤੀ ਸਨ ਜਿਨ੍ਹਾਂ ਨੇ ਅੰਗਰੇਜ਼ੀ ਰਾਜ ਸਮੇਂ ੧੬ ਸਾਲ ਦੀ ਕਰੜੀ ਜੇਲ੍ਹ ਯਾਤਰਾ ਸਮੇਂ ਨਾਮ-ਸਿਮਰਨ ਸਦਕਾ ਆਪਣੇ ਆਤਮਿਕ ਬਲ ਨਾਲ ਜਿਸ ਤਰ੍ਹਾਂ ਸਿੱਖੀ ਸਿਦਕ ਅਤੇ ਸਿੱਖ ਰਹਿਤ ਮਰਯਾਦਾ ਨੂੰ, ਅਨੇਕਾਂ ਕਸ਼ਟ ਸਹਾਰ ਸਹਾਰ ਕੇ ਨਿਭਾਇਆ, ਉਹ ਉਨ੍ਹਾਂ ਦੀ ਲਿਖਤ ਪੁਸਤਕ 'ਜੇਲ ਚਿੱਠੀਆਂ',

ਤੋਂ ਭਲੀ ਪ੍ਰਕਾਰ ਜਾਣਿਆ ਜਾਂਦਾ ਹੈ।

ਨਾਮ-ਅਭਿਆਸ ਕਮਾਈ ਸਦਕਾ ਉਹਨਾਂ ਦੀ ਉਚੀ ਆਤਮਕ ਅਵਸਥਾ ਦੇ ਝਲਕਾਰੇ, ਉਹਨਾਂ ਦੇ 'ਕੀਰਤਨ ਅਖਾੜਿਆਂ' ਦੇ ਰਸ-ਰੰਗ ਮਾਣਨਹਾਰਿਆਂ ਨੂੰ ਵਜਦੇ ਰਹੇ ਹਨ ਜਾਂ ਫਿਰ ਉਹਨਾਂ ਦੀਆਂ ਲਿਖਤਾਂ ਤੋਂ ਝਲਕਦੇ ਹਨ। ਇਹਨਾਂ ਲਿਖਤਾਂ ਨੂੰ ਪੜ੍ਹ ਸੁਣ ਕੇ ਗੁਰੂ-ਪ੍ਰਭੂ ਦੇ ਦਰਸਾਏ ਰਾਹ ਉੱਤੇ ਤੁਰਨ ਲਈ ਵੀ ਉਤਸ਼ਾਹ ਮਿਲਦਾ ਹੈ ਤੇ ਵਿਸ਼ਵਾਸ਼ ਬੱਝਦਾ ਹੈ ਕਿ 'ਅੱਗਾ ਹੈ' 'ਜਮਦੂਤ' ਤੇ 'ਪ੍ਰੇਤ' ਹਨ ਅਤੇ ਆਪਣੇ ਕੀਤੇ ਕੰਮਾਂ ਦਾ ਫਲ ਸਾਨੂੰ ਜ਼ਰੂਰ ਭੁਗਤਣਾ ਪੈਂਦਾ ਹੈ।

ਗੁਰਬਾਂਣੀ ਨੂੰ ਧਿਆਨ ਨਾਲ ਪੜ੍ਹਨ-ਸੁਣਨ ਅਤੇ ਗੁਰੂ ਪਿਆਰਿਆਂ ਦੀਆਂ ਲਿਖਤਾਂ ਪੜ੍ਹ ਸੁਣ ਕੇ ਜਿਉਂ ਜਿਉਂ ਇਹ ਵਿਸ਼ਵਾਸ਼ ਪੱਕਦਾ ਹੈ ਤਿਉਂ ਤਿਉਂ ਸਾਡੇ ਗਲਤ ਕੀਤੇ ਕੰਮ ਘੱਟਦੇ ਹਨ ਤੇ ਪ੍ਰਭੂ ਚਰਨਾਂ ਵੱਲ ਧਿਆਨ ਲਾਉਣ ਦਾ ਦਿਲ ਕਰਦਾ ਹੈ।

ਇਸ ਆਸ਼ੇ ਨੂੰ ਮੁੱਖ ਰੱਖਦਿਆਂ ਹੀ ਗੁਰਬਾਣੀ ਦੀਆਂ ਪੰਗਤੀਆਂ ਦੇ ਨਾਲ-ਨਾਲ ਸ੍ਰੀਮਾਨ ਭਾਈ ਸਾਹਿਬ ਜੀ ਦੀ ਪੁਸਤਕ 'ਅਣਡਿਠੀ-ਦੁਨੀਆ' ਵਿਚੋਂ ਦੋ ਕੁ ਵੇਖੀਆਂ-ਸੁਣੀਆਂ ਜਮਾਂ ਦੀਆਂ ਸੰਖੇਪ ਤੇ ਸਰਲ ਘਟਨਾਵਾਂ ਇਸ ਤਰ੍ਹਾਂ ਹਨ :-

## (I)

ਭਾਈ ਸਾਹਿਬ ਦੇ ਤਾਏ ਦਾ ਇਕ ਪੁੱਤਰ ਟੇਕ ਸਿੰਘ ਸਾਰੀ ਉਮਰ ਭੈੜੀ ਸੰਗਤ ਵਿਚ ਪੈ ਕੇ ਜਿਥੇ ਸ਼ਰਾਬੀ-ਕਬਾਬੀ ਹੋਇਆ-ਹੋਇਆ ਸੀ ਉਥੇ ਹੋਰ ਕਈ ਖਰਾਬੀਆਂ ਵਿਚ ਪੈ ਕੇ ਭਰ ਜਵਾਨੀ ਵਿਚ ਤਪਦਿਕ ਦੇ ਮਾਰੂ ਰੋਗ ਦਾ ਰੋਗੀ ਹੋ ਗਿਆ।

ਉਹ ਇਸ ਦੁਖਦਾਈ ਬੀਮਾਰੀ ਵਿਚ ਐਸਾ ਗ੍ਰਸਿਆ ਕਿ ਅੰਤਲੇ ਸੁਆਸਾਂ ਤੇ ਆ ਪੁੱਜਾ। ਦੁਖੀ ਹੋਇਆ ਹੋਇਆ ਉਹ ਉਚੀ-ਉਚੀ ਦੁਹਾਈਆਂ ਦੇਂਦਾ, ਉਪਰ ਬਨੇਰਿਆਂ ਵਲ ਇਸ਼ਾਰੇ ਕਰ ਕਰ ਕੇ ਦੱਸੇ ਕਿ ਉਹ ਜਮ, ਦੰਦ ਕੱਢ-ਕੱਢ ਕੇ ਡਰਾਉਂਦੇ ਹਨ ਤੇ ਖਾਣ ਨੂੰ ਪੈਂਦੇ ਹਨ।

ਇਨ੍ਹਾਂ ਨੂੰ ਵੇਖ-ਵੇਖ ਜਿਥੇ ਉਸ ਨੂੰ ਡਰ ਕਾਰਨ ਕੰਬਣੀ ਉਤੇ ਕੰਬਣੀ ਆ ਰਹੀ ਸੀ ਉਤੋਂ ਉਹਦੀ ਜਾਨ ਵੀ ਅਜ਼ਾਬਾਂ (ਬਹੁਤ ਦੁੱਖਾਂ) ਵਿਚ ਆਈ ਹੋਈ ਸੀ।

ਭਾਈ ਸਾਹਿਬ ਨੂੰ ਉਸ ਸਮੇਂ ਅੰਮ੍ਰਿਤ ਛਕਿਆਂ ਥੋੜ੍ਹਾ ਹੀ ਸਮਾਂ ਹੋਇਆ ਸੀ ਅਤੇ ਪ੍ਰਮਾਰਥਕ ਲਗਨ ਵਿਚ ਰਾਤ-ਦਿਨ ਉਠਦੇ-ਬੈਠਦੇ ਜਿਥੇ ਨਾਮ ਜਪਦੇ ਰਹਿੰਦੇ ਸਨ ਉਥੇ ਨਾਲ ਦੀ ਨਾਲ ਸੁਖਮਨੀ ਸਾਹਿਬ ਦੇ ਪਾਠ ਵੀ ਕਰਦੇ ਰਹਿੰਦੇ ਸਨ। ਐਸੀ ਦਸ਼ਾ ਵਿਚ ਵਿਚਰਦਿਆਂ ਨੂੰ ਇਕ ਦਿਨ ਉਨ੍ਹਾਂ

ਦੀ ਮਾਤਾ ਜੀ ਨੇ ਉਨ੍ਹਾਂ ਨੂੰ ਟੇਕ ਸਿੰਘ ਦੀ ਮਾੜੀ ਹਾਲਤ ਦਸਦਿਆਂ ਉਸ ਦੇ ਘਰ ਜਾ ਕੇ ਵੇਖ ਆਉਣ ਲਈ ਕਿਹਾ।

ਮਾਤਾ ਜੀ ਦੀ ਆਗਿਆ ਦਾ ਪਾਲਣ ਕਰਦੇ ਹੋਏ ਜਦ ਉਨ੍ਹਾਂ ਟੇਕ ਸਿੰਘ ਦੇ ਦਰਵਾਜ਼ੇ ਅੰਦਰ ਪੈਰ ਪਾਏ ਹੀ ਸਨ ਕਿ ਉਸ ਦੇ ਮੂੰਹੋਂ ਇਕ ਦਮ ਇਹ ਆਵਾਜ਼ ਨਿਕਲੀ, "ਆਹਾ! ਬਈ ਠੰਡ ਪੈ ਗਈ। ਆ ਜਾ, ਮੇਰੇ ਕੋਲ ਬਹਿ ਜਾ। ਤੇਰੇ ਆਉਣ ਨਾਲ ਇਹ ਜਮਦੂਤ ਜੋ ਮੈਨੂੰ ਡਰਾਉਂਦੇ ਸਨ, ਤਾਬੜ ਤੋੜ ਹੀ ਨਸ ਭਜ ਗਏ। ਹੁਣ ਮੇਰੇ ਕੋਲ ਬੈਠਾ ਰਹੁ ਕਿਸੇ ਪਾਸੇ ਨਾ ਜਾਈਂ।"

ਟੇਕ ਸਿੰਘ ਦੇ ਦੁਆਲੇ ਉਸ ਵੇਲੇ ਜਿਤਨੇ ਵੀ ਸਾਕ ਸਨਬੰਧੀ ਬੈਠੇ ਸਨ ਉਹ ਸਾਰੇ ਦੇ ਸਾਰੇ ਹੈਰਾਨ ਹੋ ਗਏ ਕਿ ਕਿਸ ਤਰ੍ਹਾਂ ਭਾਈ ਸਾਹਿਬ ਦੇ ਆਉਣ ਨਾਲ ਇਕਦਮ ਇਹ ਦੁਹਾਈਆਂ ਦੇਣੋਂ ਹਟ ਗਿਆ ਹੈ।

ਭਾਈ ਸਾਹਿਬ ਸਤਿਗੁਰੂ ਸਚੇ ਪਾਤਸ਼ਾਹ ਦੇ ਨਾਮ ਦੇ ਪ੍ਰਤਾਪ ਨੂੰ ਦੇਖ ਕੇ ਜਿੱਥੇ ਖੁਸ਼ੀ ਤੇ ਖੇੜਾ ਹੋਰ ਮਹਿਸੂਸ ਕਰਨ ਲੱਗੇ, ਉਥੇ ਨਾਲ ਹੀ ਨਾਲ ਅੰਦਰੋਂ ਅੰਦਰ ਗੁਪਤ ਅਰਦਾਸ ਵੀ ਕਰਨ ਲੱਗ ਪਏ ਕਿ ਇਹ ਸਭ ਨਾਮ-ਬਾਣੀ ਦਾ ਹੀ ਪ੍ਰਤਾਪ ਹੈ ਜਿਸ ਕਾਰਨ ਇਹ ਕੌਤਕ ਵਰਤਿਆ ਹੈ। ਨਹੀਂ

ਤਾਂ ਮੈਂ ਨੀਚ ਦੇ ਆਉਣ ਨਾਲ ਇਹ ਘਟਨਾ ਕਿਸ ਤਰ੍ਹਾਂ ਵਰਤ ਸਕਦੀ ਸੀ ?

ਭਾਈ ਸਾਹਿਬ ਜੀ ਲਿਖਦੇ ਹਨ ਕਿ ਇਸ ਘਟਨਾ ਤੋਂ ਉਨ੍ਹਾਂ ਨੂੰ ਗੁਰਬਾਣੀ ਦੀ ਪਾਰਸ-ਕਲਾ ਅਤੇ ਖਾਸ ਕਰਕੇ ਸੁਖਮਨੀ ਸਾਹਿਬ ਦੇ ਪਾਠ ਦੀ ਸ਼ਕਤੀ ਦੀ ਬਰਕਤ ਉਤੇ ਅੱਗੇ ਨਾਲੋਂ ਵੀ ਪੱਕਾ ਨਿਸ਼ਚਾ ਹੋ ਗਿਆ ਕਿ ਇਸ ਪਾਠ ਅਤੇ ਨਾਮ ਦੀ ਬਰਕਤ ਨਾਲ ਜਮ ਨੇੜੇ ਵੀ ਨਹੀਂ ਆ ਸਕਦੇ।

ਭਾਈ ਸਾਹਿਬ ਜਿਤਨੀ ਦੇਰ ਉਥੇ ਬੈਠੇ ਰਹੇ, ਪਾਠ ਕਰਦੇ ਰਹੇ ਤੇ ਉਹ ਟੇਕ ਸਿੰਘ ਸੁਖੀ ਤੇ ਸ਼ਾਂਤ ਚਿਤ ਹੋ ਕੇ ਪਿਆ ਰਿਹਾ। ਉਹ ਉਨ੍ਹਾਂ ਦੀ ਬਾਂਹ ਛਡੇ ਹੀ ਨਾਂਹ ਤੇ ਨਾ ਹੀ ਕੋਲੋਂ ਉਠਣ ਦੇਵੇ।

ਸ਼ਾਮ ਨੂੰ ਆਪਣੇ ਨਿਵਾਸ ਅਸਥਾਨ ਉਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੁਖ ਆਸਨ ਕਰਨ ਲਈ ਜਦ ਉਹ ਮਜ਼ਬੂਰਨ ਉਨ੍ਹਾਂ ਦੇ ਘਰ ਤੋਂ ਨਿਕਲੇ ਹੀ ਸਨ ਕਿ ਟੇਕ ਸਿੰਘ ਨੇ ਫੇਰ ਦੁਹਾਈਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ।

ਭਾਈ ਸਾਹਿਬ ਤੇਜ਼ੀ ਨਾਲ ਫਿਰ ਮੁੜ ਆਏ ਤੇ ਆਪਣੀ ਭੈਣ ਤੇ ਟੇਕ ਸਿੰਘ ਦੀਆਂ ਭੈਣਾਂ ਨੂੰ ਗੁਟਕੇ ਫੜਾਉਂਦਿਆਂ ਸੁਖਮਨੀ ਸਾਹਿਬ ਦਾ ਪਾਠ ਕਰਨ ਲਈ ਲਾਇਆ ਜਿਸ ਨਾਲ ਉਹ ਸੁਖੀ ਰਿਹਾ।

ਭਾਈ ਸਾਹਿਬ ਨੇ ਘਰ ਆ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੇ ਹਜ਼ੂਰ ਜਦ ਉਸਦੇ ਦੁਖ ਦੀ ਨਵਿਰਤੀ ਲਈ ਅਰਦਾਸ ਕਰਕੇ ਹੁਕਮ ਲਿਆ ਤਾਂ ਉਸ ਹੁਕਮ ਚੋਂ ਉਸ ਦੇ ਕੀਤੇ ਮਾੜੇ ਕਰਮਾਂ ਦਾ ਹੂ ਬਹੂ ਨਕਸ਼ਾ ਚਿਤਰਿਆ ਹੋਇਆ ਪ੍ਰਤੀਤ ਹੋਇਆ। ਇਸ ਤੋਂ ਉਨ੍ਹਾਂ ਨੂੰ ਯਕੀਨ ਹੋ ਗਿਆ ਕਿ ਹੁਣ ਟੇਕ ਸਿੰਘ ਦਾ ਅੰਤ ਸਮਾਂ ਆ ਗਿਆ ਹੈ। ਉਨ੍ਹਾਂ ਮਹਿਸੂਸ ਕੀਤਾ ਕਿ ਜਿਨਾ ਵੱਧ ਤੋਂ ਵੱਧ ਹੋ ਸਕੇ ਉਸ ਨੂੰ ਗੁਰਬਾਣੀ ਦਾ ਪਾਠ ਸੁਣਾਇਆ ਜਾਵੇ ਤਾਂ ਜੁ ਉਸ ਦਾ ਚਲਾਣਾ ਸੁਖਾਲੇ ਸੁਆਸੀਂ ਹੋਵੇ।

ਭਾਈ ਸਾਹਿਬ ਜੀ ਨੇ ਉਸ ਕੋਲ ਜਾ ਕੇ ਬੜੇ ਪਿਆਰ ਤੇ ਸਤਿਕਾਰ ਨਾਲ ਜਿਥੇ ਪਾਠ ਦਾ ਸਿਲਸਿਲਾ ਜਾਰੀ ਰੱਖਿਆ, ਉਥੇ ਉਸ ਦੇ ਸਾਰੇ ਸਾਕ ਸਨਬੰਧੀਆਂ ਨੂੰ, ਜੋ ਉਸ ਦੇ ਘਰ ਆਏ ਬੈਠੇ ਸਨ, ਸਭ ਨੂੰ ਜਪੁਜੀ ਸਾਹਿਬ ਦੇ ਪੰਜ-ਪੰਜ ਪਾਠ ਕਰਨ ਨੂੰ ਕਿਹਾ।

ਪਾਠ ਸ਼ੁਰੂ ਹੋਣ ਤੋਂ ਹੀ ਜਿਥੇ ਉਸ ਦਾ ਘੋਰੜੂ ਵਜਣਾ ਬੰਦ ਹੋ ਚੁੱਕਾ ਸੀ, ਉਥੇ ਹੁਣ ਉਸ ਦੀਆਂ ਅੱਖਾਂ ਵਿਚੋਂ ਵਗਦਾ ਪਾਣੀ ਵੀ ਰੁਕ ਗਿਆ।

ਹੁਣ ਜਦ ਉਸ ਦੀਆਂ ਭੈਣਾਂ ਉਸ ਨੂੰ ਪੁੱਛਦੀਆਂ ਕਿ

ਹੁਣ ਜਮ ਤਾਂ ਨਹੀਂ ਡਰਾਉਂਦੇ ਤਾਂ ਉਹ ਸਿਰ ਹਿਲਾ ਕੇ ਸੁਖੀ ਹੋਇਆ ਕਹਿੰਦਾ - ਨਹੀਂ।

ਇਧਰ ਪੰਜ ਪੰਜ ਜਪੁਜੀ ਸਾਹਿਬ ਦੇ ਪਾਠਾਂ ਦਾ ਭੋਗ ਪਿਆ ਉਧਰ ਟੇਕ ਸਿੰਘ ਦੀ ਰੂਹ ਸਰੀਰ ਛੱਡ ਗਈ।

ਭਾਈ ਸਾਹਿਬ ਜੀ ਦੀ ਇਹ ਅੱਖੀਂ ਵੇਖੀ-ਵਾਪਰੀ ਘਟਨਾ ਨੂੰ ਪੜ੍ਹ ਸੁਣ ਕੇ ਵਿਸ਼ਵਾਸ਼ ਪੱਕਾ ਹੁੰਦਾ ਹੈ ਕਿ ਗੁਰਬਾਣੀ ਦਾ ਪਾਠ ਕਰਨ ਸੁਣਨ ਨਾਲ ਜਮਦੂਤ ਨੇੜੇ ਨਹੀਂ ਆ ਸਕਦੇ। ਜੇ ਆਉਣ ਵੀ ਤਾਂ ਗੁਰਬਾਣੀ (ਗੁਰੂ ਦੇ ਬਚਨ) ਜਮ ਦੀ ਫਾਹੀ ਕਟਣ ਦੇ ਸਮਰਥ ਹਨ। ਤਾਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੧੯੯ ਉਤੇ ਲਿਖਿਆ ਹੈ :

*ਗੁਰ ਕਾ ਬਚਨੁ ਸਦਾ ਅਬਿਨਾਸੀ ॥*
*ਗੁਰ ਕੇ ਬਚਨ ਕਾਟੀ ਜਮ ਫਾਸੀ ॥*

## (II)

ਜਮਦੂਤਾਂ ਦੇ ਦੁੱਖ ਦੇਣ ਦੀ ਦੂਜੀ ਘਟਨਾ ਭਾਈ ਸਾਹਿਬ ਨੇ ਆਪਣੀ ਲੰਮੀ ਜੇਲ੍ਹ ਯਾਤਰਾ ਸਮੇਂ ਹਜ਼ਾਰੀ-ਬਾਗ ਜੇਲ੍ਹ ਵਿਚ ਜੋ ਵੇਖੀ, ਉਹ ਇਸ ਤਰ੍ਹਾਂ ਹੈ :

ਭਾਈ ਸਾਹਿਬ ਦੇ ਨਾਲ ੪੦ ਹੋਰ ਸਿੱਖ ਪੋਲੀਟੀਕਲ ਕੈਦੀ ਹਜ਼ਾਰੀ ਬਾਗ ਜੇਲ੍ਹ ਦੀਆਂ ਵੱਖ-ਵੱਖ ਕੋਠੜੀਆਂ ਵਿਚ

ਕੈਦ ਸਨ। ਉਨ੍ਹਾਂ ਵਿਚੋਂ ਇਕ ਕੇਹਰ ਸਿੰਘ ਵੀ ਸੀ ਜੋ ਲੁਧਿਆਣੇ ਦੇ ਨੇੜੇ ਸਾਹਨੇਵਾਲ ਪਿੰਡ ਦਾ ਵਸਨੀਕ ਸੀ।

ਇਹ ਕੇਹਰ ਸਿੰਘ ਭਾਵੇਂ ਸਿੱਖ ਖਾਨਦਾਨ ਦੇ ਜ਼ਿਮੀਂਦਾਰ ਪਰਿਵਾਰ ਵਿਚੋਂ ਸੀ ਪਰ ਆਰੀਆ ਸਕੂਲ ਲੁਧਿਆਣੇ ਵਿਚ ਪੜ੍ਹਦਿਆਂ ਇਸ ਦੀ ਸੰਗਤ ਕੁਝ ਕੁਸੰਗੀਆਂ ਨਾਲ ਐਸੀ ਹੋ ਗਈ ਜਿਸ ਕਾਰਨ ਇਸ ਨੇ ਆਪਣੇ ਪਵਿਤ੍ਰ ਕੇਸ ਕਤਲ ਕਰਵਾ ਲਏ ਅਤੇ ਇਸ ਦੇ ਹੋਰ ਕੰਮ ਕਾਜ ਵੀ ਸਾਕਤ ਪੁਰਸ਼ਾਂ ਵਾਲੇ ਹੋ ਗਏ।

ਲਾਹੌਰ ਦੇ ਪਹਿਲੇ ਸਾਜ਼ਿਸ਼ ਕੇਸ ਵਿਚ ਇਹ ਭਗੌੜਾ ਹੋ ਗਿਆ ਸੀ ਪਰ ਪਿਛੋਂ ਫੜਿਆ ਗਿਆ ਅਤੇ ਤੀਜੇ ਸਾਜ਼ਿਸ਼ ਕੇਸ ਵਿਚ ਉਮਰ ਕੈਦ ਦੀ ਸਜ਼ਾ ਪਾ ਕੇ ਭਾਈ ਸਾਹਿਬ ਨਾਲ ਇਸ ਜੇਲ੍ਹ ਵਿਚ ਆ ਗਿਆ ਸੀ।

ਜੇਲ੍ਹ ਵਿਚ ਹੰਜੀਰਾਂ ਦਾ ਛੂਤ ਰੋਗ ਹੋ ਜਾਣ ਕਾਰਨ ਇਸ ਨੂੰ ਦੂਰ-ਪਰੇ ਵੱਖਰਾ ਹੀ ਹਸਪਤਾਲ ਵਿਚ ਰੱਖਿਆ ਹੋਇਆ ਸੀ। ਇਸਦੇ ਨੇੜੇ ਕਿਸੇ ਨੂੰ ਵੀ ਜਾਣ ਨਹੀਂ ਸੀ ਦਿੱਤਾ ਜਾਂਦਾ।

ਪਿਛਲੇ ਛੇ ਮਹੀਨਿਆਂ ਤੋਂ ਕੇਹਰ ਸਿੰਘ ਸਖਤ ਬੀਮਾਰ ਤੇ ਔਖਾ ਹੋਇਆ-ਹੋਇਆ ਸੀ। ਕੋਈ ਸਾਕ ਸੰਬੰਧੀ ਵੀ ਉਸ

ਦੀ ਮੁਲਾਕਾਤ ਲਈ ਉਸ ਕੋਲ ਨਾਂਹ ਆਇਆ। ਜਦ ਜੇਲ੍ਹ ਵਾਲਿਆਂ ਨੇ ਉਸ ਦੀ ਹਾਲਤ ਬਹੁਤ ਨਾਜ਼ੁਕ ਦੇਖੀ ਤਾਂ ਉਸ ਨੂੰ ਪੁੱਛਣ ਲੱਗੇ ਕਿ ਜਿਸ ਨੂੰ ਉਹ ਮਿਲਣਾ ਚਾਹੁੰਦਾ ਹੈ, ਮਿਲਾ ਦੇਂਦੇ ਹਾਂ। ਪਰ ਉਹ ਰੋਂਦਾ ਹੋਇਆ ਕਹਿ ਦੇਂਦਾ, ''ਮੇਰਾ ਕੋਈ ਨਹੀਂ।''

ਉਸ ਦਾ ਅੰਤ ਨੇੜੇ ਆਇਆ ਵੇਖ ਕੇ ਉਸ ਕੋਲੋਂ ਜਦ ਬਾਰ ਬਾਰ ਮਿਲਣ ਬਾਰੇ ਪੁੱਛਿਆ ਜਾਣ ਲੱਗਾ ਤਾਂ ਉਸ ਨੇ ਕਹਿ ਦਿੱਤਾ ਕਿ ਬਚਨ ਦੇਵੋ, ਜਿਸ ਨੂੰ ਮੈਂ ਮਿਲਣਾ ਚਾਹੁੰਦਾ ਹਾਂ, ਤੁਸੀਂ ਜ਼ਰੂਰ ਮਿਲਾ ਦਿਓਗੇ, ਤਾਂ ਮੈਂ ਦੱਸਦਾ ਹਾਂ, ਨਹੀਂ ਤਾਂ ਨਹੀਂ।

ਅੰਗਰੇਜ਼ ਜੇਲ੍ਹ ਸੁਪਰਟੈਂਡੈਂਟ ਜੋ ਕਿ ਉਸ ਸਮੇਂ ਜੇਲ੍ਹ ਦਾ ਮੈਡੀਕਲ ਆਫੀਸਰ (ਡਾਕਟਰ) ਵੀ ਸੀ, ਉਹ ਬੜੇ ਧਿਆਨ ਨਾਲ ਉਸਦਾ ਇਲਾਜ ਕਰਦਾ ਹੁੰਦਾ ਸੀ, ਉਸ ਨੇ ਬਚਨ ਦਿੱਤਾ ਕਿ ਜਿਸ ਨਾਲ ਉਹ ਚਾਹੇਗਾ ਉਸ ਨਾਲ ਮੁਲਾਕਾਤ ਕਰਾ ਦਏਗਾ।

ਕੇਹਰ ਸਿੰਘ ਨੇ ਉਸ ਵੇਲੇ ਮੰਗ ਕੀਤੀ ਕਿ ਮੇਰੇ ਸਾਥੀ ਪੋਲੀਟੀਕਲ ਕੈਦੀਆਂ ਵਿਚੋਂ ਭਾ: ਰਣਧੀਰ ਸਿੰਘ ਨਾਂ ਦੇ ਆਦਮੀ ਨੂੰ ਅਤੇ ਨਾਲ ੪ ਹੋਰ ਸਜਣਾ ਨੂੰ ਮਿਲਾ ਦੇਵੋ। ਉਸ

ਨੇ ਮਿਲਣ ਦਾ ਕਾਰਨ ਵੀ ਦੱਸ ਦਿੱਤਾ ਕਿ ਉਹ ਆਪਣੇ ਪਾਪਾਂ ਨੂੰ ਬਖਸ਼ਾਉਣ ਲਈ ਇਨ੍ਹਾਂ ਪੰਜਾਂ ਸਿੰਘਾਂ ਨੂੰ ਉਸੇ ਤਰ੍ਹਾਂ ਮਿਲਣਾ ਚਾਹੁੰਦਾ ਹੈ ਜਿਸ ਤਰ੍ਹਾਂ ਤੁਸੀਂ ਅੰਗਰੇਜ਼ ਲੋਕ ਪ੍ਰਾਸਚਿਤ ਲਈ ਆਪਣੇ ਪਾਦਰੀ ਨੂੰ ਮਿਲਦੇ ਹੋ।

ਸੁਪਰਟੈਂਡੈਂਟ ਪਹਿਲਾਂ ਕੁਝ ਦੁਚਿਤਾਈ ਵਿਚ ਪੈ ਗਿਆ ਪਰ ਕੀਤੇ ਬਚਨ ਅਨੁਸਾਰ ਇਸ ਸ਼ਰਤ ਉਤੇ ਮੰਨ ਗਿਆ ਜੇ ਉਹ ਅਤੇ ਭਾਈ ਸਾਹਿਬ ਇਸ ਮਿਲਣੀ ਦਾ ਭੇਤ ਕਿਸੇ ਨੂੰ ਨਾਂਹ ਦੇਣ ਦਾ ਭਰੋਸਾ ਦੇਣ। ਕਿਉਂਕਿ ਉਪਰੋਂ ਸਰਕਾਰ ਵਲੋਂ ਇਨ੍ਹਾਂ ਕੈਦੀਆਂ ਨੂੰ ਆਪਸ ਵਿਚ ਮਿਲਣ ਦੇਣ ਦੀ ਜਿਥੇ ਸਖਤ ਮਨਾਹੀ ਸੀ ਉਥੇ ਭਾਈ ਰਣਧੀਰ ਸਿੰਘ ਜੀ ਬਾਰੇ ਤਾਂ ਬਹੁਤ ਸਖਤ ਆਰਡਰ ਸਨ ਕਿ ਉਸਦੇ ਨੇੜੇ ਕੋਈ ਬੰਦਾ ਨਹੀਂ ਫਟਕਣਾ ਚਾਹੀਦਾ।

ਕੇਹਰ ਸਿੰਘ ਕੋਲੋਂ ਮਿਲਣੀ ਦਾ ਭੇਤ ਗੁਪਤ ਰੱਖਣ ਦਾ ਭਰੋਸਾ ਲੈ ਕੇ ਗੋਰਾ ਸੁਪਰਟੈਂਡੈਂਟ ਭਾਈ ਸਾਹਿਬ ਦੀ ਕਾਲ ਕੋਠੜੀ ਵਿਚ ਗਿਆ ਤੇ ਉਨ੍ਹਾਂ ਤੋਂ ਪੁੱਛਣ ਲੱਗਾ ਕਿ ਕੀ ਉਹ ਕਿਹਰ ਸਿੰਘ ਨੂੰ ਮਿਲਣਾ ਚਾਹੁੰਦਾ ਹੈ ਜੋ ਹਸਪਤਾਲ ਵਿਚ ਬਹੁਤ ਬੀਮਾਰ ਹੈ?

ਭਾਈ ਸਾਹਿਬ ਨੇ ਝਟ ਉਤਰ ਦਿੱਤਾ, 'ਹਾਂ' ਮੈਨੂੰ ਹੋਰ

ਕੀ ਚਾਹੀਦਾ ਹੈ ? ਮੈਂ ਤਾਂ ਅੱਗੇ ਹੀ ਉਸ ਨੂੰ ਮਿਲਣਾ ਚਾਹੁੰਦਾ ਹਾਂ, ਕਿਉਂਕਿ ਤਿੰਨ ਦਿਨਾਂ ਤੋਂ ਉਸ ਦੀ ਵਾਇਰਲੈਸ ਮੈਨੂੰ ਮਿਲ ਰਹੀ ਹੈ। ਸੋ ਤੁਸੀ ਮੈਨੂੰ ਮਿਲਾ ਦਿਓ, ਬੜਾ ਉਪਕਾਰ ਹੋਏਗਾ।"

ਵਾਇਰਲੈਸ ਦੀ ਗੱਲ ਸੁਣ ਕੇ ਅੰਗਰੇਜ਼ ਸੁਪਰਟੈਂਡੈਂਟ ਬਹੁਤ ਹੈਰਾਨ ਹੋਇਆ ਤੇ ਕਹਿਣ ਲੱਗਾ ਕਿ ਇਹ ਦੂਜੀ ਹੈਰਾਨ ਕਰਨ ਵਾਲੀ ਗੱਲ ਮੇਰੇ ਤਜਰਬੇ ਵਿਚ ਆਈ ਹੈ ਕਿ ਸਿਖ ਆਪਸ ਵਿਚ ਦਿਲਾਂ- ਦਿਲਾਂ ਅੰਦਰ ਵਾਇਰਲੈਸ ਵੀ ਚਲਾ ਲੈਂਦੇ ਹਨ।

ਮੁਲਾਕਾਤ ਦਾ ਭੇਤ ਬਾਹਰ ਨਾ ਨਿਕਲਣ ਦੀ ਤਸੱਲੀ ਲੈ ਕੇ ਉਹ ਭਾਈ ਸਾਹਿਬ ਨੂੰ ਰਾਤ ਦੇ ਹਨੇਰੇ ਵਿਚ ਕੇਹਰ ਸਿੰਘ ਕੋਲ ਆਪ ਮੁਲਾਕਾਤ ਲਈ ਲੈ ਤੁਰਿਆ ਤੇ ਰਸਤੇ ਵਿਚ ਉਸ ਬਾਰੇ ਉਸ ਉਨਾਂ ਨੂੰ ਦੱਸਿਆ ਕਿ ਜਿਸ ਤਰ੍ਹਾਂ ਕੇਹਰ ਸਿੰਘ ਪਿਛਲੇ ਛੇ ਮਹੀਨਿਆਂ ਤੋਂ ਸਖਤ ਬੀਮਾਰ ਹੈ। ਉਸ ਦੀ ਹਾਲਤ ਜਿਥੇ ਬੜੀ ਖਤਰਨਾਕ ਹੈ ਉਥੇ ਉਸ ਦੀਆਂ ਅੱਖਾਂ ਚੋਂ ਪਾਣੀ ਵਗਦਾ ਰਹਿੰਦਾ ਹੈ ਅਤੇ ਕਈ ਵਾਰ ਉਸ ਦਾ ਸਰੀਰ ਕੰਬਣ ਲੱਗ ਜਾਂਦਾ ਹੈ।

ਸੁਪਰਟੈਂਡੈਂਟ ਨੇ ਦੱਸਿਆ ਕਿ ਇਕ ਦਿਨ ਜਦ ਉਹ

ਉਸ ਕੋਲ ਗਿਆ ਤਾਂ ਉਹ ਬੁਰੀ ਤਰ੍ਹਾਂ ਕੰਬ ਰਿਹਾ ਸੀ ਤੇ ਅੱਖਾਂ 'ਚੋਂ ਪਾਣੀ ਵਗ ਰਿਹਾ ਸੀ ਅਤੇ ਉਹ ਉਪਰ ਛੱਤ ਵੱਲ ਵੇਖੀ ਜਾ ਰਿਹਾ ਸੀ।

ਉਸ ਦੀਆਂ ਡਰਾਉਣੀਆਂ ਅੱਖਾਂ ਤੋਂ ਸਾਫ ਪ੍ਰਤੀਤ ਹੁੰਦਾ ਸੀ ਕਿ ਉਹ ਕਿਸੀ ਡਰਾਉਣੀ ਚੀਜ਼ ਤੋਂ ਡਰ ਰਿਹਾ ਹੈ। ਪੁਛਣ ਤੇ ਉਸ ਨੇ ਦੱਸਿਆ ਕਿ ਕਈ ਦਿਨਾਂ ਤੋਂ ਇਕ ਡਰਾਉਣੀ ਸ਼ਕਲ ਉਸ ਨੂੰ ਡਰਾ ਰਹੀ ਹੈ।

ਉਸ ਨੇ ਕੇਹਰ ਸਿੰਘ ਬਾਰੇ ਇਹ ਵੀ ਦਸਿਆ ਕਿ ਉਹ ਕਹਿੰਦਾ ਸੀ ਕਿ ਮੈਂ ਸਾਰੀ ਉਮਰ ਭੂਤਾਂ - ਪ੍ਰੇਤਾਂ ਅਤੇ ਜਮਦੂਤਾਂ ਨੂੰ ਮੰਨਦਾ ਹੀ ਨਹੀਂ ਸੀ ਹੁੰਦਾ ਅਤੇ ਇਨ੍ਹਾਂ ਦੇ ਵਿਰੁੱਧ ਸੀ। ਪਰ ਹੁਣ ਮੈਨੂੰ ਯਕੀਨ ਹੋ ਗਿਆ ਹੈ ਕਿ ਇਹ ਚੀਜ਼ਾਂ ਹਨ। ਉਹ ਦੇਖੋ ਸਾਹਮਣੇ ਮੈਨੂੰ- ਪ੍ਰੇਤ ਬੜੀ ਡਰਾਉਣੀ ਸ਼ਕਲ ਨਾਲ ਡਰਾ ਰਿਹਾ ਹੈ।

ਸੁਪਰਟੈਂਡੈਂਟ ਕਹਿਣ ਲੱਗਾ ਕਿ ਜਦ ਮੈਂ ਉਸ ਦੇ ਕਹਿਣ ਤੇ ਛੱਤ ਵੱਲ ਵੇਖਿਆ ਤਾਂ ਮੈਨੂੰ ਦਿਸਿਆ ਤਾਂ ਕੁਝ ਨਹੀਂ ਪਰ ਕੰਨੀਂ ਇਕ ਜ਼ੋਰ ਦਾ ਖੜਾਕ ਜ਼ਰੂਰ ਸੁਣਿਆ। ਕੇਹਰ ਸਿੰਘ ਨੇ ਹੋਰ ਦੱਸਿਆ ਕਿ ਇਹ ਡਰਾਉਣੀ ਸ਼ਕਲ ਜਾਣ ਸਮੇਂ ਇਸੇ ਤਰ੍ਹਾਂ ਜ਼ੋਰ ਦਾ ਖੜਕਾ ਹਮੇਸ਼ਾਂ ਕਰਕੇ ਹੀ ਜਾਂਦੀ ਹੈ।

ਸੁਪਰਟੈਂਡੈਂਟ ਹੋਰ ਕਹਿਣ ਲੱਗਾ ਕਿ ਭਾਵੇਂ ਮੈ ਆਪਣੇ ਅੱਖੀਂ ਉਸ ਪ੍ਰੇਤ ਨੂੰ ਨਹੀਂ ਦੇਖਿਆ ਪਰ ਮੈਨੂੰ ਪੱਕਾ ਯਕੀਨ ਹੋ ਗਿਆ ਕਿ ਕੇਹਰ ਸਿੰਘ ਨੂੰ ਜ਼ਰੂਰ ਕੋਈ ਭੂਤ- ਪ੍ਰੇਤ ਆ ਕੇ ਡਰਾਉਂਦਾ ਹੈ। ਇਹ ਇਕ ਗੱਲ ਪਹਿਲਾਂ ਹੀ ਮੇਰੇ ਲਈ ਬੜੀ ਹੈਰਾਨ ਕਰਨ ਵਾਲੀ ਸੀ, ਦੂਜੀ ਗੱਲ ਤੁਹਾਡੀ ਵਾਇਰਲੈਸ ਵਾਲੀ ਮੈਨੂੰ ਹੋਰ ਹੈਰਾਨ ਕਰ ਰਹੀ ਹੈ।

ਇਸ ਤਰ੍ਹਾਂ ਗੱਲਾਂ ਬਾਤਾਂ ਕਰਦਿਆਂ ਸੁਪਰਟੈਂਡੈਂਟ ਭਾਈ ਸਾਹਿਬ ਨੂੰ ਲੈ ਕੇ ਹਸਪਤਾਲ ਕਿਹਰ ਸਿੰਘ ਦੇ ਕਮਰੇ ਅੰਦਰ ਵੜੇ ਹੀ ਸਨ ਕਿ ਕੇਹਰ ਸਿੰਘ ਠੰਡਾ ਸਾਹ ਭਰ ਕੇ ਬੋਲਿਆ, ''ਹਾ ਹਾ ! ਆਰਾਮ ਆ ਗਿਆ !

ਸੁਪਰਟੈਂਡੈਂਟ ਨੇ ਪੁੱਛਿਆ, ਕਿਸ ਗੱਲ ਦਾ ਆਰਾਮ ਆ ਗਿਆ ? ਕੇਹਰ ਸਿੰਘ ਨੇ ਕਿਹਾ, ਭਾਈ ਸਾਹਿਬ ਦੇ ਕਮਰੇ ਵਿਚ ਵੜਦਿਆਂ ਹੀ ਉਹ ਪ੍ਰੇਤ ਡਰਦਾ ਹੋਇਆ ਦੌੜ ਗਿਆ ਤੇ ਮੈਨੂੰ ਡਰਾਉਣੀ ਕੰਬਣੀ ਆਉਣੀ ਹਟ ਗਈ ਹੈ ਤੇ ਆਰਾਮ ਆ ਗਿਆ ਹੈ।

ਇਸੇ ਕਰਕੇ ਮੂੰਹੋਂ ਆਪ ਮੁਹਾਰੇ ਇਹ ਵਾਕ ਨਿਕਲ ਗਿਆ, ''ਹਾ ਹਾ ! ਆਰਾਮ ਆ ਗਿਆ।''

ਸੁਪਰਟੈਂਡੈਂਟ ਅੱਧੇ ਘੰਟੇ ਦੀ ਆਗਿਆ ਦੇ ਕੇ ਚਲਾ

ਗਿਆ। ਉਸ ਦੇ ਜਾਣ ਦੀ ਦੇਰ ਸੀ ਕਿ ਕਿਹਰ ਸਿੰਘ ਬੜਾ ਰੋਇਆ। ਬਿਲਬਿਲਾ ਕੇ ਰੋਇਆ। ਉਹ ਕਮਜ਼ੋਰ ਇਨਾਂ ਹੋ ਚੁੱਕਾ ਸੀ ਮਾਨੋ ਸਰੀਰ ਦਾ ਕਰੰਗ ਹੀ ਬਣਿਆ ਹੋਇਆ ਸੀ। ਉਸ ਦੀਆਂ ਅੱਖਾਂ ਬਾਹਰ ਨਿਕਲੀਆਂ ਹੋਈਆਂ ਸਨ। ਮੰਜੇ ਤੋਂ ਉਠ ਵੀ ਨਹੀਂ ਸੀ ਸਕਦਾ।

ਭਾਈ ਸਾਹਿਬ ਉਸ ਦੇ ਕੋਲ ਕੁਰਸੀ ਤੇ ਬੈਠ ਕੇ ਉਸ ਨੂੰ ਰੋਣ ਤੋਂ ਰੋਕਦੇ ਹੋਏ ਕਹਿਣੇ ਲੱਗੇ ਕਿ ਆਪਣੇ ਮਨ ਦੀ ਬਿਰਥਾ ਦੱਸੋ। ਰੋਣ ਨਾਲ ਜਿੱਥੇ ਉਸ ਨੂੰ ਬਹੁਤ ਤਕਲੀਫ ਹੁੰਦੀ ਸੀ ਉਥੇ ਉਸ ਕੋਲੋਂ ਬੋਲਿਆ ਵੀ ਮੁਸ਼ਕਲ ਨਾਲ ਹੀ ਜਾਂਦਾ ਸੀ। ਉਸ ਨੇ ਘਿਗਿਆ ਕੇ ਬੋਲਣਾ ਸ਼ੁਰੂ ਕੀਤਾ, "ਮੈਨੂੰ ਪਾਪੀ ਨੂੰ ਬਖਸ਼ ਲਵੋ ਅਤੇ ਬਖਸ਼ਾ ਦਿਓ ਗੁਰੂ ਸਾਹਿਬ ਪਾਸੋਂ। ਮੈਂ ਬੜਾ ਪਾਪੀ ਹਾਂ। ਪ੍ਰਾਸਚਿਤ ਕਰਾਉਣ ਲਈ ਪਸਚਾਤਾਪ ਆਪ ਦੇ ਪੇਸ਼ ਕਰਦਾ ਹਾਂ।"

ਭਾਈ ਸਾਹਿਬ ਨੇ ਉਸ ਨੂੰ ਹੱਲਾ- ਸ਼ੇਰੀ ਦਿੱਤੀ ਤੇ ਨਿਸ਼ੰਗ ਹੋ ਕੇ ਦੱਸਣ ਲਈ ਕਿਹਾ, ਕਿਉਂਕਿ ਹੁਣ ਸੋਚਣ ਦਾ ਵੇਲਾ ਨਹੀਂ ਸੀ।

ਫਿਰ ਉਸਨੇ ਬਹੁਤ ਹੌਲੀ, ਅਟਕਵੀਂ ਤੇ ਥਿਥਲਦੀ ਜ਼ਬਾਨ ਤੋਂ ਆਪਣੇ ਪਾਪ ਦੀ ਕਹਾਣੀ ਇਸ ਤਰ੍ਹਾਂ ਸ਼ੁਰੂ ਕੀਤੀ ਕਿ ਪਹਿਲਾਂ ਉਸ ਦਾ ਪਾਪ ਕੁਸੰਗ ਕਰਕੇ ਗੁਰਸਿੱਖੀ ਤੋਂ

ਪਤਿਤ ਹੋਣਾ ਹੈ। ਉਸ ਨੇ ਇਹ ਦੱਸਿਆ ਕਿ ਜਦ ਤੋਂ ਇਸ ਜੇਹਲ ਵਿਚ ਉਹ ਆਇਆ ਹੈ, ਉਸ ਨੇ ਕੇਸ ਤਾਂ ਧਾਰਨ ਕਰ ਲਏ ਹਨ ਪਰ ਪਾਪ ਅਤੇ ਤਨਖਾਹ ਬਖਸ਼ਾਉਣ ਦਾ ਸਮਾਂ ਮਿਲਦਾ ਨਹੀਂ ਦਿਸਦਾ ਕਿਉਂਕਿ ਪ੍ਰਾਣਾਂ ਤੇ ਪਿਆ ਹਾਂ।

ਉਹ ਤਰਲਾ ਲੈ ਕੇ ਭਾਈ ਸਾਹਿਬ ਨੂੰ ਕਹਿਣ ਲੱਗਾ ਕਿ ਹੁਣ ਮੇਰੇ ਆਪਣੇ ਵਿਚ ਕੋਈ ਤਾਕਤ ਨਹੀਂ, ਕੇਵਲ ਤੁਹਾਡੇ ਬਖਸ਼ਾਉਣ ਤੋਂ ਹੀ ਬਖਸ਼ਿਆ ਜਾ ਸਕਦਾ ਹਾਂ।

ਦੂਸਰਾ ਉਹ ਆਪਣੇ ਸਾਰੇ ਪਾਪ ਦਸ ਕੇ ਆਪਣੀ ਛਾਤੀ ਹੌਲੀ ਕਰਨ ਦੇ ਖਿਆਲ ਨਾਲ ਕਹਿਣ ਲੱਗਾ ਕਿ ਫਲਾਣੀ ਤਰੀਕ ਆਪਣੇ ਪਿੰਡ ਸਾਹਨੇਵਾਲ ਜੋ ਪੁਲੀਟੀਕਲ ਡਾਕਾ ਪਿਆ ਸੀ ਉਹ ਮੈਂ ਹੀ ਪਵਾਇਆ ਸੀ। ਜਿਸ ਵਿਚ ਸਾਹਨੇਵਾਲ ਦਾ ਮਸ਼ਹੂਰ ਅਮੀਰ ਖਤਰੀ ਮਾਰਿਆ ਗਿਆ ਸੀ। ਉਸ ਸ਼ਾਹੂਕਾਰ ਦਾ ਖ਼ੂਨ ਮੇਰੇ ਸਿਰ ਹੈ। ਕਿਉਂਕਿ ਜਦ ਉਸਦੀਆਂ ਮੁਸ਼ਕਾਂ ਬੰਨ੍ਹ ਕੇ ਅਸੀਂ ਉਸਦੇ ਖਜ਼ਾਨੇ ਦੀਆਂ ਕੁੰਜੀਆਂ ਬਾਰੇ ਪੁੱਛਿਆ ਤਾਂ ਉਹ ਦੱਸਣ ਤੋਂ ਇਨਕਾਰ ਕਰੀ ਜਾਏ। ਮੇਰੇ ਕਹਿਣ ਉਤੇ ਹੀ ਮੇਰੇ ਸਾਥੀ ਨੇ ਉਸ ਦੀ ਗਰਦਨ ਤੇ ਛੁਰੀ ਚਲਾਈ ਸੀ। ਉਸ ਜਾਨ ਤਾਂ ਦੇ ਦਿੱਤੀ ਪਰ ਆਪਣੇ ਖਜ਼ਾਨੇ ਦੀਆਂ ਚਾਬੀਆਂ ਬਾਰੇ ਕੁਝ ਨਾਂਹ ਦੱਸਿਆ, ਜਿਸ ਕਰ ਕੇ ਸਾਨੂੰ ਉਥੋਂ ਕੁਝ ਵੀ ਨਾ ਮਿਲ ਸਕਿਆ।

ਜਿਹੜੀ ਛੁਰੀ ਉਸ ਸ਼ਾਹੂਕਾਰ ਦੇ ਗਲੇ ਤੇ ਫਿਰੀ ਸੀ ਉਹ ਹੁਣ ਮੇਰੇ ਗਲੇ ਤੇ ਫਿਰਦੀ ਹੈ। ਆਪਣੇ ਅਮਲਾਂ ਦਾ ਹਿਸਾਬ ਕਿਤਾਬ ਹੱਥੀਂ ਦੇਣਾ ਪੈਂਦਾ ਹੈ। ਕਈ ਐਥੇ ਦੇ ਦੇਂਦੇ ਹਨ ਕਈ ਅੱਗੇ ਅਤੇ ਕਈ ਦੋਹੀਂ ਥਾਈਂ, ਏਥੇ ਵੀ ਤੇ ਉਥੇ ਵੀ ਦੇਂਦੇ ਹਨ।

ਕੇਹਰ ਸਿੰਘ ਨੇ ਹੋਰ ਦਸਦਿਆਂ ਕਿਹਾ ਕਿ ਮੈਨੂੰ ਹੰਜੀਰਾਂ ਦੀ ਬੀਮਾਰੀ ਐਸੀ ਲੱਗੀ ਹੋਈ ਹੈ ਕਿ ਮੇਰੇ ਗਲੇ ਤੇ ਲੱਖ-ਲੱਖ ਛੁਰੀ ਫਿਰ ਰਹੀ ਹੈ। ਲੱਖ ਛੁਰੀਆਂ ਦੇ ਡੰਗ ਵਾਲਾ ਦਰਦ ਮੇਰੀ ਗਰਦਨ ਤੇ ਹੋ ਰਿਹਾ ਹੈ। ਐਸੀਆਂ ਪੀੜਾਂ ਪੈਂਦੀਆਂ ਹਨ ਜੋ ਰਾਤ ਦਿਨ ਤੜਫਾਉਂਦੀਆਂ ਹਨ। ਨ ਜਾਨ ਨਿਕਲਦੀ ਹੈ ਨਾ ਖਿਨ ਮਾਤਰ ਇਹ ਤਕਲੀਫ ਹਟਦੀ ਹੈ। ਉਪਰੋਂ ਸਭ ਤੋਂ ਵੱਡੀ ਤਕਲੀਫ ਇਹ ਹੈ ਕਿ ਇਕ ਭਿਆਨਕ ਸ਼ਕਲ ਦਿਸ ਰਹੀ ਹੈ। ਓਹੀ ਸ਼ਾਹੂਕਾਰ, ਜਿਸ ਦੇ ਗਲੇ ਉਤੇ ਮੈਂ ਛੁਰੀ ਫਿਰਵਾਈ ਸੀ, ਬਿਕਰਾਲ ਪ੍ਰੇਤ ਦੀ ਸ਼ਕਲ ਵਿਚ ਮੇਰੇ ਸਾਹਮਣੇ ਖੜਾ ਮੈਨੂੰ ਡਰਾਉਂਦਾ ਹੈ, ਜਿਸ ਤੋਂ ਮੇਰੀਆਂ ਡਾਡਾਂ ਨਿਕਲ ਜਾਂਦੀਆਂ ਹਨ।

ਤੁਹਾਡੇ ਆਉਣ ਕਾਰਨ ਉਹ ਪ੍ਰੇਤ ਹੁਣ ਤਾਈਂ ਨਹੀਂ ਆਇਆ। ਨਹੀਂ ਤਾਂ ਪੰਜ- ਪੰਜ ਮਿੰਟਾਂ ਪਿਛੋਂ ਮੈਨੂੰ ਆ ਕੇ ਡਰਾਉਂਦਾ ਸੀ। ਮੈਨੂੰ ਪੱਕਾ ਯਕੀਨ ਹੋ ਗਿਆ ਹੈ ਕਿ ਤੁਹਾਡੇ

ਭਜਨ ਪ੍ਰਤਾਪ ਨਾਲ ਉਹ ਆਉਣ ਤੇ ਡਰਾਉਣ ਤੋਂ ਭੱਜ ਗਿਆ ਹੈ। ਆਪ ਗੁਰੂ ਕੇ ਭਜਨੀਕ ਪੁਰਸ਼ ਹੋ, ਮੈਨੂੰ ਤਾਂ ਪਹਿਲਾਂ ਹੀ ਭਰੋਸਾ ਸੀ ਪਰ ਹੁਣ ਹੋਰ ਪੱਕਾ ਭਰੋਸਾ ਬੱਝ ਗਿਆ ਹੈ ਕਿ ਤੁਹਾਡੀ ਕਿਰਪਾ ਨਾਲ ਮੇਰੀ ਵੀ ਬੰਦ ਖਲਾਸੀ ਹੋ ਜਾਏਗੀ।

ਭਾਈ ਸਾਹਿਬ ਨੂੰ ਕੇਹਰ ਸਿੰਘ ਦੀ ਅਤਿ ਦੁਖੀ ਦਸ਼ਾ ਵੇਖ ਕੇ ਬੜਾ ਤਰਸ ਆਇਆ। ਉਨ੍ਹਾਂ ਨੂੰ ਖਿਆਲ ਆਇਆ ਕਿ ਇਸ ਨੂੰ ਗੁਰ- ਮੰਤਰ ਦਸ ਦਿੱਤਾ ਜਾਏ। ਪਰ ਗੁਰਮਤਿ ਦੇ ਅਸੂਲਾਂ ਦੀ ਹੁਕਮ- ਅਦੂਲੀ ਹੋ ਜਾਣ ਦੇ ਕਾਰਨ ਦੱਸਣੋਂ ਡਰਦੇ ਸਨ।

ਭਾਈ ਸਾਹਿਬ ਨੂੰ ਯਕੀਨ ਸੀ ਕਿ ਇਸ ਵੇਲੇ ਕੇਵਲ 'ਨਾਮ' ਹੀ ਉਸਦੀ ਸਹਾਇਤਾ ਕਰ ਸਕਦਾ ਸੀ ਪਰ ਸਵਾਲ ਇਹ ਸੀ ਕਿ ਇਸ ਸਮੇਂ ਉਸ ਨੂੰ ਨਾਮ ਮਿਲੇ ਕਿਵੇਂ ? ਪੰਜਾਂ ਪਿਆਰਿਆਂ ਦਾ ਇਕੱਠ ਜੇਹਲ ਵਿਚ ਹੋ ਨਹੀਂ ਸੀ ਸਕਦਾ ਤੇ ਇਕੱਲਾ ਸਿੰਘ ਕੋਈ ਨਾਮ ਦੇ ਨਹੀਂ ਸਕਦਾ। ਉਨ੍ਹਾਂ ਉਸ ਤੋਂ ਪੁੱਛਿਆ ਕਿ ਤੁਹਾਡੇ ਆਰੀਆ ਮੱਤ ਵਿਚ ਜੋ ਭਜਨ ਤੁਹਾਨੂੰ ਦੱਸਿਆ ਗਿਆ ਸੀ ਉਸ ਦਾ ਹੀ ਭਜਨ ਕਰੋ। ਸ਼ਾਇਦ ਇਹ ਸੰਕਟ ਕਟੇ ਜਾਣ।

ਭਾਈ ਸਾਹਿਬ ਦੇ ਏਨਾਂ ਕਹਿਣ ਤੇ ਉਹ ਕੁਝ ਮਿੰਟ ਗੁੰਮ ਹੀ ਹੋ ਗਿਆ। ਕੁਝ ਚਿਰ ਮਗਰੋਂ ਉਸ ਕਿਹਾ ਕਿ ਮੈਂ ਸਾਰਾ ਜ਼ੋਰ ਲਾ ਕੇ ਇਕ ਹੀ ਵਾਰ ਇਹ ਨਾਮ ਕਹਿ ਸਕਿਆ ਹਾਂ। ਹੁਣ ਮੇਰੇ ਸਾਹਮਣੇ ਮੁਸ਼ਕਲ ਤੋਂ ਮੁਸ਼ਕਲ ਇਹ ਹੈ ਕਿ ਮੇਰੇ ਮੂੰਹੋਂ ਨਾਮ ਨਿਕਲਦਾ ਹੀ ਨਹੀਂ।

ਇਹ ਪੱਕਾ ਜਾਣੋਂ ਜਿਸ ਨੇ ਸਾਰੀ ਉਮਰ ਪਾਪ ਹੀ ਪਾਪ ਕੀਤੇ ਹੋਣ ਉਸ ਨੂੰ ਸਭ ਤੋਂ ਵੱਡੀ ਸਜ਼ਾ ਇਹੋ ਹੁੰਦੀ ਹੈ, ਕਿ ਉਹ ਨਾਮ ਨ ਜਪ ਸਕੇ। ਸੋ ਮੈਂ ਤਾਂ ਉੰਨਾਂ ਹੀ ਅਸਮਰਥ ਹਾਂ ਨਾਮ ਉਚਾਰਨ ਕਰਨ ਤੋਂ ਹੁਣ ਮੇਰਾ ਇਕੋ ਇਕ ਬਚਾਓ ਇਹੀ ਹੈ ਅਤੇ ਇਹੋ ਮੇਰੇ ਤੇ ਵੱਡਾ ਉਪਕਾਰ ਹੈ ਜੋ ਕਿਰਪਾ ਕਰਕੇ ਮੇਰੇ ਸਾਰੇ ਪਾਪਾਂ ਦਾ ਕਫਾਰਾ ਆਪਣੀ ਅਰਦਾਸ ਰਾਹੀਂ ਕਰਵਾਉ।

ਮੇਰੇ ਨਮਿਤ ਇਤਨੀ ਹੀ ਅਰਦਾਸ ਕਰੋ ਕਿ ਮੇਰੀ ਜਾਨ ਹੁਣ ਇਸ ਪਿੰਜਰ ਵਿਚੋਂ ਨਿਕਲ ਜਾਏ ਅਤੇ ਇਸ ਤਰ੍ਹਾਂ ਦੁੱਖ ਵਿਚੋਂ ਬਚ ਜਾਵਾਂ। ਨਹੀਂ ਤਾਂ ਪਤਾ ਨਹੀਂ ਕਿਤਨੇ ਦਿਨ ਹੋਰ ਇਸ ਤਰ੍ਹਾਂ ਲਮਕਦਾ ਰਹਾਂਗਾ।

ਤੁਹਾਡੀ ਗੁਰੂ ਅੱਗੇ ਕੀਤੀ ਅਰਦਾਸ ਹੀ ਮੈਨੂੰ ਬਚਾ ਸਕਦੀ ਹੈ ਅਤੇ ਮਦਦਗਾਰ ਹੋ ਸਕਦੀ ਹੈ ਕਿਉਂਕਿ ਆਪ ਦੇ ਆਉਣ ਨਾਲ ਹੀ ਅੱਧੇ ਘੰਟੇ ਤੋਂ ਮੈਂ ਬੜਾ ਸੁਖੀ ਹਾਂ ਤੇ ਉਹ

ਪ੍ਰੇਤ ਮੈਨੂੰ ਡਰਾਉਣੋਂ ਹਟ ਗਿਆ ਹੈ। ਮੈਨੂੰ ਆਸ ਹੈ ਤੁਹਾਡੀ ਅਰਦਾਸ ਨਾਲ ਮੇਰਾ ਛੁਟਕਾਰਾ ਵੀ ਜ਼ਰੂਰ ਹੋ ਜਾਏਗਾ।

ਇਸ ਤਰ੍ਹਾਂ ਦੀਆਂ ਘਿਗਿਆ ਕੇ ਬੇਨਤੀਆਂ ਕਰਦਿਆਂ ਦੀਆਂ ਘਗਾਂ ਬੈਠ ਗਈਆਂ ਤੇ ਉਹ ਬੇਹੋਸ਼ ਹੋ ਗਿਆ। ਇਤਨੇ ਨੂੰ ਸੁਪਰਟੈਂਡੈਂਟ ਭਾਈ ਸਾਹਿਬ ਨੂੰ ਲੈਣ ਲਈ ਆ ਗਿਆ ਤੇ ਉਹਨਾਂ ਦੇ ਬਲਾਕ ਦੀ ਕੋਠੜੀ ਵਿਚ ਲਿਜਾ ਕੇ ਡੱਕ ਗਿਆ।

ਭਾਈ ਸਾਹਿਬ ਨੇ ਆਪਣੀ ਕੋਠੀ ਅੰਦਰ ਵੜਦਿਆਂ ਸੁਪਰਟੈਂਡੈਂਟ ਦੇ ਸਾਹਮਣੇ ਹੀ ਨਾਲ ਦੀਆਂ ਕੋਠੜੀਆਂ ਵਿਚ ਕੈਦ ਕੀਤੇ ਗੁਰਸਿੱਖਾਂ ਨੂੰ ਕੇਹਰ ਸਿੰਘ ਨਮਿਤ ਅੱਜ ਸਾਰੀ ਰਾਤ ਸੁਖਮਨੀ ਸਾਹਿਬ ਦੇ ਅਖੰਡ- ਪਾਠ ਕਰਨ ਲਈ ਬੇਨਤੀ ਕਰਦਿਆਂ ਉਸਦੀ ਦਸ਼ਾ ਬਾਰੇ ਵੀ ਦੱਸਿਆ।

ਉਨ੍ਹਾਂ ਦੇ ਕਹਿਣ ਤੇ ਬਾਕੀ ਸਿੰਘ ਵੀ ਪਾਠ ਕਰਨ ਲਗ ਪਏ ਅਤੇ ਭਾਈ ਸਾਹਿਬ ਵੀ ਜੁਟ ਗਏ। ਅਰਦਾਸਾਂ ਬੇਨਤੀਆਂ ਕੀਤੀਆ ਗਈਆਂ। ਅਗਲੇ ਦਿਨ ਕੇਹਰ ਸਿੰਘ ਦੀ ਹਾਲਤ ਵੇਖ ਕੇ ਸਭ ਨਾਲ ਮੁਲਾਕਾਤ ਵੀ ਕਰਾ ਦਿੱਤੀ ਗਈ ਤੇ ਉਸ ਤੋਂ ਅਗਲੇ ਦਿਨ ਉਹ ਅਕਾਲ ਚਲਾਣਾ ਕਰ ਗਿਆ।

ਸੂਰਜ ਚੜ੍ਹਦੇ ਨੂੰ ਸੁਪਰਟੈਂਡੈਟ ਨੱਠਾ ਹੋਇਆ ਭਾਈ

ਸਾਹਿਬ ਕੋਲ ਆ ਕੇ ਦੱਸਣ ਲੱਗਾ ਕਿ ਤੁਹਾਡੀ ਮੁਲਾਕਾਤ ਨਾਲ ਇਕ ਵੱਡਾ ਮੁਅਜਜ਼ਾ (ਕ੍ਰਿਸ਼ਮਾ) ਹੋਇਆ ਕਿ ਉਸ ਮਿਲਣੀ ਮਗਰੋਂ ਕੇਹਰ ਸਿੰਘ ਆਰਾਮ ਨਾਲ ਪਿਆ ਰਿਹਾ। ਉਸ ਨੂੰ ਕੋਈ ਤਕਲੀਫ ਨਹੀਂ ਹੋਈ। ਨਾਂਹ ਹੀ ਉਸ ਨੂੰ ਪ੍ਰੇਤ ਨੇ ਆ ਕੇ ਫਿਰ ਤੰਗ ਕੀਤਾ। ਤੰਗ ਕੀ ਉਹ ਉਸ ਨੂੰ ਫਿਰ ਡਰਾਉਣ ਵੀ ਨਹੀਂ ਆਇਆ। (ਇਸ ਗੱਲ ਦੀ ਪੁਸ਼ਟੀ ਉਥੇ ਦੇ ਪਹਿਰੇਦਾਰਾਂ ਨੇ ਵੀ ਕੀਤੀ )।

ਸੁਪਰਟੈਂਡੈਂਟ ਦੇ ਜਾਣ ਮਗਰੋਂ ਭਾਈ ਸਾਹਿਬ ਜੀ ਤੇ ਉਨ੍ਹਾਂ ਦੇ ਸਾਥੀ ਕੈਦੀਆਂ ਨੇ ਵਾਹਿਗੁਰੂ ਅਕਾਲ ਪੁਰਖ ਦਾ ਸ਼ੁਕਰਾਨਾ ਅਤੇ ਕੇਹਰ ਸਿੰਘ ਨਮਿਤ ਅੰਦਰ ਕੈਦ- ਕੋਠੜੀਆਂ ਵਿਚ ਬੈਠਿਆਂ ਬੈਠਿਆਂ ਹੀ ਮੁੜ ਅਰਦਾਸ ਕੀਤੀ।

ਇਸ ਤਰ੍ਹਾਂ ਕੇਹਰ ਸਿੰਘ ਦੇ ਬ੍ਰਿਤਾਂਤ ਵਿੱਚ ਸ੍ਰੀਮਾਨ ਭਾਈ ਸਾਹਿਬ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੮੨੨ ਤੇ ਲਿਖੇ ਸ਼ਬਦ ਦੀ ਪੰਗਤੀ :

*ਪਰਤਾਪੁ ਤੁਮਾਰਾ ਦੇਖਿ ਕੈ*
*ਜਮਦੂਤ ਛਡਿ ਜਾਹਿ ॥*

ਪ੍ਰਤੱਖ ਹੋ ਕੇ ਪ੍ਰਤੀਤ ਹੋਈ।

ਇਸ ਤੋਂ ਸਪੱਸ਼ਟ ਹੋਇਆ ਕਿ ਅਕਾਲ ਪੁਰਖ ਦੇ ਨਾਮ ਬਾਣੀ ਦੇ ਪ੍ਰਤਾਪ ਨਾਲ ਜਮਦੂਤਾਂ ਦਾ ਨੇੜੇ ਆਉਣਾ ਤਾਂ

ਇਕ ਪਾਸੇ ਰਿਹਾ, ਆਏ ਹੋਏ ਜਮ ਵੀ ਦੌੜ ਜਾਂਦੇ ਹਨ। ਪਰ ਕੋਈ ਧਿਆਨ ਨਾਲ, ਪਿਆਰ ਨਾਲ ਇਕਾਗਰ ਚਿਤ ਹੋ ਕੇ ਪਾਠ ਕਰੇ ਤਾਂ ਸਹੀ। ਨਾਮ ਜਪੇ ਤਾਂ ਸਹੀ।

ਗੁਰੂ ਮਹਾਰਾਜ ਪੰਨਾ ੧੦੫੮ ਵਿਚਲੇ ਸ਼ਬਦ ਵਿਚ ਹੋਰ ਸਪੱਸ਼ਟ ਕਰਦੇ ਹਨ :-

*ਅਫਰਿਓ ਜਮੁ ਮਾਰਿਆ ਨ ਜਾਈ,*
*ਗੁਰ ਕੈ ਸ਼ਬਦ ਨੇੜਿ ਨ ਆਈ ॥*
*ਸ਼ਬਦੁ ਸੁਣੇ ਤਾਂ ਦੂਰਹੁ ਭਾਗੇ,*
*ਮਤ ਮਾਰੇ ਹਰਿ ਜੀਉ ਵੇਪਰਵਾਹਾ ਹੇ ॥*

ਅਰਥ- ਭੂਤਰੇ ਹੋਏ ਜਮ ਨੂੰ ਰੋਕਿਆ ਨਹੀਂ ਜਾ ਸਕਦਾ,ਨਾਂਹ ਹੀ ਉਸ ਨੂੰ ਮਾਰਿਆ ਜਾ ਸਕਦਾ ਹੈ। ਪਰ ਗੁਰੂ ਦੇ ਸ਼ਬਦ ( ਵਾਹਿਗੁਰੂ ਗੁਰ- ਮੰਤਰ ਵਿਚ ਜੁੜਿਆਂ ਜਮਰਾਜ ਦਾ ਸਹਿਮ ਮਨੁੱਖ ਦੇ ) ਨੇੜੇ ਨਹੀਂ ਢੁੱਕ ਸਕਦਾ।

ਜਦੋਂ ਮਨੁੱਖ ਗੁਰੂ ਦਾ ਸ਼ਬਦ ( ਗੁਰਮੁਖ ਦੇ ਮੂੰਹੋਂ ) ਸੁਣਦਾ ਹੈ ਤਾਂ ਜਮ ਦੂਰੋਂ ਭਜ ਜਾਂਦਾ ਹੈ ਕਿ ਮਤਾਂ ਵੇਪਰਵਾਹ ਪ੍ਰਭੂ ( ਇਸ ਖੁਨਾਮੀ ਪਿਛੇ ) ਸਜ਼ਾ (ਦੰਡ) ਹੀ ਨਾ ਦੇਵੇ। ਭਾਵ ਜਮਰਾਜ ਗੁਰਮੁਖ ਮਨੁੱਖ ਨੂੰ ਮੌਤ ਦਾ ਡਰ ਵੀ ਨਹੀਂ ਦੇ ਸਕਦਾ।

ਗੁਰੂ ਮਹਾਰਾਜ ਨੇ ਬਾਣੀ ਵਿਚ ਕਈ ਤਰੀਕਿਆਂ ਨਾਲ

ਜਿੱਥੇ ਨਾਮ ਜਪਣ ਲਈ ਪ੍ਰੇਰਨਾ ਦਿੱਤੀ ਹੈ ਉਥੇ ਗਲਤ ਕੰਮ ਕਰਨ ਤੋਂ ਵਰਜਣ ਲਈ ਬੜੇ ਤਰੀਕਿਆਂ ਨਾਲ ਸਮਝਾਇਆ ਵੀ ਹੈ। ਪਰ ਅਸੀਂ ਐਸੇ ਮੂਰਖ ਹਾਂ ਕਿ ਇਹੋ ਜਿਹੇ ਸ਼ਬਦ, ਇਹੋ ਜਿਹੀਆਂ ਗੱਲਾਂ ਅਵੱਲ ਤਾਂ ਸੁਣਦੇ ਹੀ ਨਹੀਂ, ਪਰ ਜੇ ਕਦੀ ਕਦਾਈਂ ਸੁਣਦੇ ਹਾਂ ਤੇ ਛੇਤੀ ਭੁਲ ਜਾਂਦੇ ਹਾਂ ਅਤੇ ਹੋਰਨਾਂ ਦੀ ਦੇਖਾ ਦੇਖੀ ਫੇਰ ਉਸੇ ਤਰ੍ਹਾਂ ਆਪਣੇ ਸੁਆਰਥ ਲਈ ਗਲਤ ਕੰਮ, ਗਲਤ ਗੱਲਾਂ ਕਰਨ ਲੱਗ ਜਾਂਦੇ ਹਾਂ ਜਿਨ੍ਹਾਂ ਦਾ ਨਤੀਜਾ ਜਮ ਦੇ ਵਸ ਪੈਣ ਵਾਲਾ ਹੁੰਦਾ ਹੈ।

ਹਾਂ, ਗੁਰਬਾਣੀ ਵਿਚੋਂ ਹੇਠਲੀਆਂ ਪੰਗਤੀਆਂ ਜੇਕਰ ਬਾਰ ਬਾਰ ਧਿਆਨ ਅਤੇ ਵਿਚਾਰ ਨਾਲ ਪੜ੍ਹੀਆਂ ਸੁਣੀਆਂ ਜਾਣ ਤਾਂ ਹੋ ਸਕਦਾ ਹੈ, ਸਾਨੂੰ ਪਾਪ ਕਰਨ ਵਾਲਿਆਂ ਨੂੰ ਚੇਤੇ ਰਹੇ ਕਿ ਨਾਮ ਜਪਣ ਵਾਲਿਆਂ, ਬਾਣੀ ਪੜ੍ਹਨ ਸੁਣਨ ਵਾਲਿਆਂ ਦੇ ਨੇੜੇ ਜਮ ਨਹੀਂ ਆ ਸਕਦਾ। ਜਿਵੇਂ :-

੧ *ਜੋ ਬੋਲਹਿ ਹਰਿ ਹਰਿ ਨਾਉ,*
*ਤਿਨ ਜਮੁ ਛਡਿ ਗਇਆ ॥* (੬੪੫)

੨ *ਸੇ ਮੁਕਤ, ਸੇ ਮੁਕਤ ਭਏ,*
*ਜਿਨ ਹਰਿ ਧਿਆਇਆ ਜੀ,*
*ਤਿਨ ਤੂਟੀ ਜਮ ਕੀਫਾਸੀ ॥* (ਰਹਿਰਾਸ)

੩ *ਮੰਨੈ, ਜਮ ਕੈ ਸਾਥਿ ਨਾ ਜਾਇ* (ਜਪੁਜੀ)

੪ ਸੰਤਾ ਸੰਗਤਿ ਪਾਈਐ,
ਜਿਤੁ ਜਮ ਕੈ ਪੰਥਿ ਨ ਜਾਈਐ ।

## ਸੰਖੇਪ

ਆਪਣੇ ਕੀਤੇ ਗਲਤ ਕੰਮਾਂ (ਕਰਮਾਂ) ਦਾ ਫ਼ਲ ਜ਼ਰੂਰ ਭੁਗਤਣਾ ਪੈਂਦਾ ਹੈ ਕਈਆਂ ਨੂੰ ਇਥੇ, ਕਈਆਂ ਨੂੰ ਅੱਗੇ ਅਤੇ ਕਈਆਂ ਨੂੰ ਇਥੇ ਵੀ ਤੇ ਅੱਗੇ ਵੀ, ਦੋਹਾਂ ਥਾਈਂ ।

ਗੁਰਬਾਣੀ ਗੁਰੂ ਸਾਹਿਬ ਦੇ ਉਪਦੇਸ਼ ਹਨ ਜਿਨ੍ਹਾਂ ਨੂੰ ਬਾਰ -ਬਾਰ ਦੁਹਰਾਉਣ ਨਾਲ, ਧਿਆਨ ਨਾਲ, ਸਮਝ ਕੇ ਪਾਠ ਕਰਨ ਅਥਵਾ ਸੁਣਨ ਨਾਲ ਮਨੁੱਖ ਦੇ ਮਨ ਉਤੇ ਬੇਮਲੂਮਾ ਚੰਗਾ ਅਸਰ ਪੈਂਦਾ ਰਹਿੰਦਾ ਹੈ। ਇਸ ਤਰ੍ਹਾਂ ਮਨੁੱਖ ਦੇ ਗਲਤ ਸੁਭਾਅ ਵਿਚ ਤਬਦੀਲੀ ਆਉਣੀ ਸ਼ੁਰੂ ਹੋ ਜਾਂਦੀ ਹੈ। ਫਿਰ ਗਲਤ ਗੱਲਾਂ, ਝੂਠ ਚਲਾਕੀਆਂ, ਹੇਰਾ- ਫੇਰੀਆਂ ਤੇ ਦੂਜੇ ਨੂੰ ਤੰਗ ਕਰਨ ਅਤੇ ਆਪਣਾ ਸੁਆਰਥ ਸਿੱਧ ਕਰਨ ਲਈ ਦੂਜਿਆਂ ਨਾਲ ਜ਼ਿਆਦਤੀ ਕਰਨ ਦੀ ਰੁਚੀ ਘਟਦੀ ਘਟਦੀ ਖਤਮ ਵੀ ਹੋ ਜਾਂਦੀ ਹੈ। ਇਸ ਦੇ ਨਾਲ ਜਦ ਅਸੀਂ ਗੁਰਬਾਣੀ ਵਿਚ :-

ਵਿਚਿ ਦੁਨੀਆ ਸੇਵ ਕਮਾਈਐ
ਤਾ ਦਰਗਹ ਬੈਸਣੁ ਪਾਈਐ ॥

ਵਰਗੇ ਸ਼ਬਦ ਬਾਰ -ਬਾਰ ਪੜ੍ਹਦੇ ਸੁਣਦੇ ਹਾਂ ਤਾਂ ਸਾਡੇ ਦਿਲਾਂ ਵਿਚ ਦੂਜਿਆਂ ਪ੍ਰਤੀ ਸੇਵਾ ਹਮਦਰਦੀ ਤੇ ਪਿਆਰ ਵਾਲਾ ਵਰਤਾਓ ਕਰਨ ਦੀ ਭਾਵਨਾ ਵੀ ਜਾਗ ਪੈਂਦੀ ਹੈ ਤੇ ਮਨੁੱਖ ਵਿਚ ਸੇਵਾ ਕਰਨ ਦਾ ਚਾਓ ਵੀ ਉਪਜਦਾ ਹੈ।

ਪਰ ਇਹ ਸਭ ਕੁਝ ਤਾਂ ਸਤਿਸੰਗ ਕਰਨ ਨਾਲ ਹੀ ਹੁੰਦਾ ਹੈ ਜੋ ਅਸੀਂ ਕਰਦੇ ਹੀ ਨਹੀਂ ਜਾਂ ਬਹੁਤ ਘੱਟ ਕਰਦੇ ਹਾਂ। ਗੁਰੂ ਮਹਾਰਾਜ ਨਿਰਣੇ ਨਾਲ ਲਿਖਦੇ ਹਨ :-

*ਖੋਜਤ ਖੋਜਤ ਸੁਨੀ ਇਹੁ ਸੋਇ ॥*
*ਸਾਧ ਸੰਗਤਿ ਬਿਨੁ ਤਰਿਓ ਨ ਕੋਇ ॥ ੩੭੩*

ਜਦ ਗੁਰੂ ਸਾਹਿਬ ਕਹਿੰਦੇ ਹਨ ਕਿ ਭਾਲ ਕਰਦਿਆਂ ਕਰਦਿਆਂ ਮੈਂ ਇਹ ਖਬਰ ਸੁਣ ਲਈ ਹੈ ਕਿ ਸਾਧ ਸੰਗਤ ਤੋਂ ਬਿਨਾਂ ( ਤ੍ਰਿਸ਼ਨਾ ਦੇ ਹੜ ਤੋਂ ) ਕੋਈ ਜੀਵ ਕਦੇ ਪਾਰ ਨਹੀਂ ਲੰਘ ਸਕਿਆ ਤਾਂ ਅਸੀਂ ਫਿਰ ਸਤਸੰਗਤ ਕਰਨ ਤੋਂ ਐਨੀ ਲਾਪ੍ਰਵਾਹੀ ਕਿਉਂ ਕਰਦੇ ਹਾਂ ?

ਗੁਰੂ ਮਹਾਰਾਜ ਤਾਂ ਇਥੋਂ ਤਕ ਕਹਿੰਦੇ ਹਨ ਕਿ ਸਾਧ ਸੰਗਤ ਤੋਂ ਬਿਨਾਂ ਸਾਰੇ ਮਨੁੱਖ ਪਸ਼ੂਆਂ (ਡੰਗਰਾਂ) ਵਾਂਗ ਤੁਰੇ ਫਿਰਦੇ ਹਨ। ਜਿਸ ਪ੍ਰਮਾਤਮਾ ਨੇ ਉਨ੍ਹਾਂ ਨੂੰ ਪੈਦਾ ਕੀਤਾ ਹੈ, ਉਸ ਨਾਲ ਸਾਂਝ ਨਹੀਂ ਪਾਉਂਦੇ। ਉਸਦੇ ਨਾਮ ਤੋਂ ਬਿਨਾਂ

ਸਾਰੇ ਉਸ ਦੇ ਚੋਰ ਹਨ। ਅਸਲ ਪੰਗਤੀਆਂ ਇਸ ਤਰ੍ਹਾਂ ਹਨ :-

*ਬਿਨ ਸੰਗਤੀ ਸਭਿ ਐਸੇ ਰਹਹਿ, ਜੈਸੇ ਪਸੁ ਢੋਰ ॥*
*ਜਿਨਿ ਕੀਤੇ ਤਿਸੈ ਨਾ ਜਾਣਨੀ,*
*ਬਿਨ ਨਾਵੈ ਸਭ ਚੋਰ ॥*

(ਧਰਮਰਾਜ ਆਖਦਾ ਹੈ) ਹੇ ਮੇਰੇ ਦੂਤੋ ! ਜਿਥੇ ਸਾਧ ਜਨ, ਪ੍ਰਮਾਤਮਾ ਦਾ ਭਜਨ ਕਰ ਰਹੇ ਹੋਣ, ਜਿਥੇ ਨਿਤ ਕੀਰਤਨ ਹੋ ਰਿਹਾ ਹੋਵੇ, ਤੁਸੀਂ ਉਸ ਥਾਂ ਦੇ ਨੇੜੇ ਨਹੀਂ ਜਾਣਾ (ਜੇ ਤੁਸੀਂ ਉਥੇ ਚਲੇ ਗਏ ਤਾਂ ਇਸ ਖੁਨਾਮੀ ਤੋਂ) ਨਾਂਹ ਮੈਂ ਬਚ ਸਕਾਂਗਾ, ਨਾਂਹ ਹੀ ਤੁਸੀਂ ਬਚ ਸਕੋਗੇ। ਅਸਲ ਪੰਗਤੀਆਂ ਇਸ ਤਰ੍ਹਾਂ ਹਨ :-

*ਜਹ ਸਾਧੂ ਗੋਬਿੰਦ ਭਜਨ*
*ਕੀਰਤਨ ਨਾਨਕ ਨੀਤ ॥*
*ਣਾ ਹਉ ਣਾ ਤੂੰ ਣਹ ਛੁਟਹਿ*
*ਨਿਕਟ ਨ ਜਾਈਅਹੁ ਦੂਤ ॥* (੨੫੯)

ਸੋ ਆਓ ! ਅੱਜ ਅਸੀਂ ਆਪੋ ਆਪਣੀ ਥਾਂ ਵੀਚਾਰ ਕਰੀਏ ਕਿ ਅਸੀਂ ਰੋਜ਼ ਜਾਂ ਹਫਤੇ ਵਿਚ ਕਿਤਨੀ ਦੇਰ ਕਿਤਨੀ ਵਾਰ ਸੰਗਤ ਕਰਦੇ ਹਾਂ ? ਜੇ ਕਰਦੇ ਹਾਂ ਤਾਂ ਮੁਬਾਰਕ, ਨਹੀਂ ਤਾਂ ਗੁਰਬਾਣੀ ਦੇ ਉਪਰਲੇ ਫਰਮਾਨਾਂ ਨੂੰ ਸਾਹਮਣੇ ਰੱਖਦੇ

ਹੋਏ ਹੁਣ ਤੋਂ ਹੀ ਸਤਸੰਗਤ ਕਰਨ, ਸਤਸੰਗਤ ਕਰਾਉਣ ਦੇ ਉਦਮ ਯਤਨ ਤੇ ਉਪਰਾਲੇ ਆਪ ਕਰੀਏ ਤੇ ਹੋਰਨਾਂ ਨੂੰ ਕਰਾਈਏ ਤਾਂ ਜੁ ਉਪਰਲੇ ਤੇ ਹੋਰ ਗੁਰ-ਉਪਦੇਸ਼ ਸਾਡੇ ਵੀ ਅਤੇ ਹੋਰਨਾਂ ਦੇ ਵੀ ਦ੍ਰਿੜ ਹੋਣ।

ਗੁਰਦੁਆਰੇ ਜਾ ਕੇ ਕੇਵਲ ਮੱਥਾ ਟੇਕ ਕੇ ਮੁੜ ਆਉਣਾ ਜਾਂ ਦੇਗ ਕਰਵਾ ਕੇ ਬਿਨਾਂ ਕੁਝ ਸੁਣੇ-ਸਮਝੇ ਤੇ ਵੀਚਾਰੇ ਵਾਪਸ ਆ ਜਾਣ ਦਾ ਖਾਸ ਲਾਭ ਨਹੀਂ ਹੁੰਦਾ।

ਗੁਰੂ ਦਰਬਾਰ ਵਿਚ ਹਾਜ਼ਰ ਹੋ ਕੇ ਕੀਰਤਨ ਕਥਾ-ਵੀਚਾਰ ਕਰਨੀ-ਸੁਣਨੀ-ਸਮਝਣੀ ਹੀ ਉਤਮ ਸਤਿ ਸੰਗਤ ਹੈ। ਇਸਦੇ ਨਾਲ ਨਾਲ ਗੁਰੂ ਪਾਤਸ਼ਾਹਾਂ ਦੇ ਜੀਵਨ, ਗੁਰੂ ਦਰਸਾਏ ਰਾਹਾਂ ਉਤੇ ਤੁਰਨ ਵਾਲੇ ਗੁਰੂ ਪਿਆਰਿਆਂ ਦੀ ਜੀਵਨ ਵਾਰਤਾ, ਗੁਰਬਾਣੀ ਦੇ ਅਰਥ ਭਾਵਾਂ ਨੂੰ ਸਮਝਣ ਲਈ ਗੁਰਬਾਣੀ ਦੇ ਸਟੀਕਾਂ ਨੂੰ ਪੜ੍ਹਨਾ-ਸੁਨਣਾ ਵੀ ਚੰਗੀ ਤੇ ਲਾਭਦਾਇਕ ਸੰਗਤ ਮੰਨੀ ਗਈ ਹੈ।

ਪਰ ਇਹ ਸਟੀਕ ਤੇ ਹੋਰ ਧਾਰਮਿਕ ਪੁਸਤਕਾਂ ਜਿਥੇ ਹਰ ਥਾਂ ਮਿਲ ਨਹੀਂ ਸਕਦੀਆਂ ਉਥੇ ਮਹਿੰਗੀਆਂ ਹੋਣ ਕਾਰਨ ਹਰ ਕੋਈ ਖ੍ਰੀਦਣ ਦਾ ਹੌਂਸਲਾ ਵੀ ਨਹੀਂ ਕਰ ਸਕਦਾ। ਧਰਮ ਪ੍ਰਚਾਰ ਦੀ ਰੁਚੀ ਰੱਖਣ ਵਾਲੇ ਗੁਰਸਿੱਖਾਂ ਨੂੰ ਇਸੇ

ਪਾਸੇ ਧਿਆਨ ਕਰਦਿਆਂ ਆਪਣੀ ਨੇਕ ਕਮਾਈ 'ਚੋਂ ਕੱਢੀ ਧਰਮ ਅਰਥ ਲਈ ਖਰਚਣ ਵਾਲੀ ਮਾਇਆ ਨਾਲ (ਦਸਵੰਧ ਵਿਚੋਂ) ਹੋਰ ਧਾਰਮਿਕ ਪੁਸਤਕਾਂ ਦੇ ਨਾਲ ਬਾਣੀ ਦੇ ਸਟੀਕ ਵੀ ਸੰਗਤ ਨੂੰ ਅੱਧੇ ਮੁਲ ਉੱਤੇ ਦੇਣ ਦਿਵਾਉਣ ਦਾ ਉਪਰਾਲਾ ਵੀ ਕਰਨਾ ਚਾਹੀਦਾ ਹੈ।

ਨੋਟ :- *1.* ਹਰ ਗੁਰਦੁਆਰੇ ਵਿਚ ਧਾਰਮਿਕ ਲਾਇਬ੍ਰੇਰੀ ਸ਼ੁ ਕਰਨ-ਕਰਾਉਣ ਦਾ ਉਪਰਾਲਾ ਜ਼ਰੂਰ ਕਰਨਾ ਚਾਹੀਦਾ ਹੈ, ਜਿਥੋਂ ਸੰਗਤਾਂ ਉਪਰ ਦਿੱਤੀਆਂ ਪੁਸਤਕਾਂ ਅਤੇ ਸਟੀਕ ਲੈ ਫਰੀ ਪੜ੍ਹ ਸਕਣ ਅਤੇ ਆਪਣਾ ਜੀਵਨ ਸੰਵਾਰ ਸਕਣ। ਇਹ ਬੜਾ ਵੱਡਾ ਉਪਕਾਰ ਅਤੇ ਸੇਵਾ ਹੈ।

*2.* ਸੰਗਤਾਂ ਵਿਚ ਧਾਰਮਕ ਲਿਟਰੇਚਰ ਪੜ੍ਹਨ ਦੀ ਰੁਚੀ ਪੈਦਾ ਕਰਨ ਲਈ ਹਰ ਮਹੀਨੇ ਗੁਰਮਤਿ ਦੇ ਵੱਖ-ਵੱਖ ਵਿਸ਼ਿਆਂ ਉਤੇ ਛਪਣ ਵਾਲੇ ਟ੍ਰੈਕਟ *50/-* ਰੁ: ਸੈਂਕੜਾ ਦੇ ਹਿਸਾਬ ਮੰਗਵਾ ਕੇ ਫਰੀ ਵੰਡਨ ਦੀ ਸੇਵਾ ਕਰੋ। ਯਾਦ ਰਵੇ ਕਿ ਇਹ ਟ੍ਰੈਕਟ ਜਿਥੇ ਸਭ ਦੀ ਸਮਝ ਆਉਣ ਵਾਲੀ ਸਰਲ ਬੋਲੀ ਵਿਚ ਲਿਖੇ ਹੁੰਦੇ ਹਨ ਉਥੇ ਇਹ *8-10* ਮਿੰਟ ਵਿਚ ਹੀ ਪੜ੍ਹ ਲਏ ਜਾਂਦੇ ਹਨ।

ਪ੍ਰਾਰਥਕ !

# ਸੂਚਨਾ

ਗੁਰਮਤਿ ਪ੍ਰਚਾਰ ਸਭਾ ਵਲੋਂ ਛਪਿਆ ਕੁਝ ਲਿਟ੍ਰੇਚਰ :-

1. ਹਰ ਗੁਰਸਿੱਖ ਦੇ ਪੜ੍ਹਨ ਯੋਗ ਪੁਸਤਕ 'ਅੰਮ੍ਰਿਤ ਵੇਲਾ' ਲਿਖਤ ਡਾ: ਤੇਜਿੰਦਰ ਸਿੰਘ ਜੀ, ਰਿਆਇਤੀ ਮੁੱਲ = 10/- ਰੁ:
2. ਸਭ ਬੀਮਾਰੀਆਂ ਦਾ ਇਲਾਜ 'ਪ੍ਰਭੂ-ਨਾਮ' = 5/- ਰੁ:
3. ਰੂਹਾਂ ਸੰਬੰਧੀ ਅਮਰੀਕਨ ਲੇਖਿਕਾ ਰੂਥ ਮਾਂਟਗੁਮਰੀ ਦੀ ਲਿਖੀ ਪੁਸਤਕ (A world beyond) ਦਾ ਕੁਝ ਸੰਖੇਪ ਪੰਜਾਬੀ ਅਨੁਵਾਦ, 'ਅਬਿਨਾਸ਼ੀ ਲੀਲ੍ਹਾ' ਦੂਜੀ ਐਡੀਸ਼ਨ = 7/- ਰੁ:
4. ਨਿਤਨੇਮ ਕਰਨ ਵਾਲਿਆਂ ਲਈ ਜਾਪੁ ਸਾਹਿਬ ਸੰਖੇਪ ਅਰਥਾਂ ਸਹਿਤ ਇਸ ਤਰ੍ਹਾਂ ਤਿਆਰ ਕੀਤਾ ਗਿਆ ਹੈ ਕਿ ਪਾਠ ਕਰਦਿਆਂ ਨਾਲ ਦੀ ਨਾਲ ਅਰਥ ਸਹਿਜੇ ਹੀ ਵੇਖੇ ਜਾ ਸਕਣ । = 5/- ਰੁ:
5. ਜਪੁਜੀ, ਰਹਰਾਸਿ, ਸੋਹਿਲਾ ਅਤੇ ਅਰਦਾਸ ਦਾ ਮੋਟੇ ਅਖਰਾਂ ਵਿੱਚ ਗੁਟਕਾ ਕੁਝ ਸ਼ੁੱਧ ਉਚਾਰਨ ਸੰਕੇਤਾਂ ਸਹਿਤ = 4/- ਰੁ:
6. ਕੁਝ ਧਾਰਮਕ ਰਹੁ ਰੀਤਾਂ ਦੀ ਜਾਣਕਾਰੀ = 2/- ਰੁ:
7. ਚੋਪਈ ਪਾ: ੧੦ ਅਤੇ ਕਬਿਯੋਵਾਚ ਬੇਨਤੀ ਚੋਪਈ ਅਰਥਾਂ ਸਹਿਤ = 2/- ਰੁ:
8. ਇਹ ਅਤੇ ਹਰ ਮਹੀਨੇ ਗੁਰਮਤਿ ਦੇ ਵੱਖ ਵੱਖ ਵਿਸ਼ਿਆਂ ਉੱਤੇ ਛਪਣ ਵਾਲੇ ਟ੍ਰੈਕਟ = 50/- ਰੁ: ਸੈਂਕੜਾ ਦੇ ਹਿਸਾਬ ਮੰਗਵਾਉਣ ਲਈ ਮਨੀ ਆਰਡਰ ਜਾਂ ਬੈਂਕ ਡਰਾਫ਼ਟ ਸ੍ਰ: ਦੀਦਾਰ ਸਿੰਘ, C-129/-, ਵਿਕਾਸ ਕਾਲੋਨੀ, ਪਟਿਆਲਾ-147 003 ਨੂੰ ਭੇਜਿਆ ਜਾਏ । ਦਸਤੀ ਆ ਕੇ ਲੈਣ ਲਈ ਗੁਰਸਿੱਖ ਫੁਲਵਾੜੀ ਪਬਲਿਕ ਸਕੂਲ, ਗੁਰਬਖ਼ਸ਼ ਕਾਲੋਨੀ, ਗਲੀ ਨੰ: 6, ਪਟਿਆਲਾ ਵਿਖੇ ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ ਦਰਸ਼ਨ ਦਿਓ ।

ਪ੍ਰਾਰਥਕ